# ECHO OF HIS CALL

# ਬੁਲਾਵੇ ਦੀ ਗੂਜ

PUNJABI

India's National Spiritual Newspaper

₹ 10/-

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XXI | YEAR OF OUR LORD JESUS CHRIST, SEPTEMBER 2020 | NO. 5


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 4:1-8

1. ਜਦੋਂ ਮੈਂ ਤੈਨੂੰ ਪੁਕਾਰਾਂ ਤੂੰ ਮੈਨੂੰ ਉੱਤਰ ਦੇਹ, ਹੇ ਮੇਰੇ ਧਰਮ ਦੇ ਪ੍ਰਮੇਸ਼ਵਰ! ਜਦ ਮੈਂ ਤੰਗੀ ਵਿੱਚ ਸਾਂ ਤੈਂ ਮੈਨੂੰ ਖੁੱਲ ਦਿੱਤੀ, ਮੇਰੇ ਉੱਤੇ ਦਯਾ ਕਰਕੇ ਮੇਰੀ ਪ੍ਰਾਰਥਨਾ ਸੁਣ ਲੈ।

2. ਹੇ ਮਨੁੱਖ ਦੇ ਪੁੱਤਰੋ ਤੁਸੀਂ ਕਦ ਤਾਈਂ ਮੇਰੀ ਮਹਿਮਾ ਦੀ ਬੇਪਤੀ ਕਰੋਗੇ, ਵਿਅਰਥ ਨਾਲ ਪ੍ਰੀਤ ਲਾਓਗੇ, ਝੂਠ ਨੂੰ ਭਾਲੋਗੇ? ਸ਼ਲਹ।

3. ਪਰ ਇਹ ਜਾਣੋ ਭਈ ਯਹੋਵਾਹ ਨੇ ਸੰਤ ਜਨ ਨੂੰ ਆਪਣੇ ਲਈ ਵੱਖਰਾ ਕਰ ਰੱਖਿਆ ਹੈ। ਜਦੋਂ ਮੈਂ ਉਹ ਨੂੰ ਪੁਕਾਰਾਂ ਯਹੋਵਾਹ ਮੇਰੀ ਸੁਣੇਗਾ।

4. ਕੰਬ ਜਾਓ ਅਰ ਪਾਪ ਨਾ ਕਰੋ; ਆਪਣਿਆਂ ਬਿਸਤਰਿਆਂ ਉੱਪਰ ਆਪਣੇ ਮਨਾਂ ਵਿੱਚ ਸੋਚੋ ਅਤੇ ਚੁੱਪ ਰਹੋ। ਸਲਹ।

5. ਧਰਮ ਦੇ ਬਲੀਦਾਨ ਚੜ੍ਹਾਓ ਅਤੇ ਯਹੋਵਾਹ ਉੱਤੇ ਆਸ ਰੱਖੋ।

6. ਬਾਹਲੇ ਇਹ ਆਖਦੇ ਹਨ ਭਈ ਸਾਨੂੰ ਕੌਣ ਕੁੱਝ ਭਲਿਆਈ ਵਿਖਾਵੇਗਾ? ਹੇ ਯਹੋਵਾਹ ਆਪਣੇ ਮੁੱਖੜੇ ਨੂੰ ਸਾਡੇ ਉੱਤੇ ਚਮਕਾ।

7. ਤੈਂ ਮੇਰੇ ਮਨ ਵਿੱਚ ਉਨ੍ਹਾਂ ਦੇ ਨਾਲੋਂ, ਜਦੋਂ ਉਨ੍ਹਾਂ ਦੇ ਦਾਣੇ ਅਰ ਦਾਖਰਸ ਬਹੁਤ ਹੋ ਗਏ ਹਨ ਵਧੀਕ ਅਨੰਦ ਪਾ ਦਿੱਤਾ ਹੈ।

8. ਮੈਂ ਸ਼ਾਂਤੀ ਨਾਲ ਲੇਟਦਿਆਂ ਹੀ ਸੌਂ ਜਾਵਾਂਗਾ, ਕਿਉਂ ਜੋ ਹੇ ਯਹੋਵਾਹ ਤੂੰ ਹੀ ਮੈਨੂੰ ਅਮਨ ਵਿੱਚ ਵਸਾਉਂਦਾ ਹੈਂ।

# CHOSEN AND THE CHALLENGE!

## ਚੁਣੇ ਹੋਏ ਅਤੇ ਚੁਨੌਤੀ!

ਬ੍ਰ. ਐੱਚ. ਲਾਮੇਕ ਇੰਬਰਾਜ

"ਉਸ ਦਿਨ ਤੀਕੁਰ ਕਿ ਉਹ ਉਨ੍ਹਾਂ … ਨੂੰ ਜਿਹੜੇ ਉਸਨੇ ਚੁਣੇ ਸਨ ਪਵਿੱਤਰ ਆਤਮਾ ਦੇ ਰਾਹੀਂ ਹੁਕਮ ਦੇ ਕੇ ਉਤਾਹਾਂ ਉਠਾ ਲਿਆ ਗਿਆ" ਰਸੂਲਾਂ ਦੇ ਕਰਤੱਬ 1:2

ਅਠ੍ਹਾਰਵੀਂ ਸਦੀ ਵਿੱਚ ਫਰਾਂਸ ਅਤੇ ਇੰਗਲੈਂਡ ਵਿਚਕਾਰ ਇੱਕ ਭਿਆਨਕ ਯੁੱਧ ਲੜਿਆ ਗਿਆ। ਫਰਾਂਸੀਸੀ ਸੈਨਾ ਫਰਾਂਸੀਸੀ ਕ੍ਰਾਂਤੀ ਦੇ ਮਹਾਨ ਨਾਇਕ ਨੇਪੋਲੀਅਨ ਬੋਨਾਪਾਰਟ ਦੀ ਅਗਵਾਈ ਹੇਠ ਲੜ ਰਹੀ ਸੀ। ਇੰਗਲੈਂਡ ਦੀ ਜਲ ਸੈਨਾ ਮਹਾਨ ਕਮਾਂਡਰ ਨੈਲਸਨ ਦੇ ਅਧੀਨ ਯੁੱਧ ਲੜ ਰਹੀ ਸੀ। ਇੰਗਲੈਂਡ ਦੀਆਂ ਸੈਨਾਵਾਂ ਦੇ ਮੁੱਖ ਕਮਾਂਡਰ ਨੇ ਇੰਗਲੈਂਡ ਜਲ ਸੈਨਾ ਦੇ ਕਮਾਂਡਰ ਨੂੰ ਆਦੇਸ਼ ਦਿੱਤਾ ਕਿ ਉਹ ਨੇਪੋਲੀਅਨ ਬੋਨਾਪਾਰਟ ਦੀ ਜਲ ਸੈਨਾ ਨਾਲ ਯੁੱਧ ਕਰਨ ਅਤੇ ਕਿਸੇ ਵੀ ਤੇ ਉਸਨੂੰ ਹਰਾਉਣ। ਇਸ ਆਦੇਸ਼ ਨੂੰ ਪਾ ਕੇ ਨੈਲਸਨ ਅੱਗੇ ਵਧਿਆ। ਯੁੱਧ ਵਿੱਚ ਉਸਨੇ ਆਪਣੀ ਇੱਕ ਲੱਤ ਅਤੇ ਇੱਕ ਅੱਖ ਗੁਆ ਦਿੱਤੀ; ਫਿਰ ਵੀ ਉਸਨੇ ਬਿਨਾਂ ਰੁਕੇ ਦਲੇਰੀ ਨਾਲ ਯੁੱਧ ਲੜਿਆ ਜਿਸਦੀ ਸ਼ਲਾਘਾ ਖੁਦ ਨੇਪੋਲੀਅਨ ਨੇ ਵੀ ਕੀਤੀ। ਇਹ ਗੱਲ ਇਤਿਹਾਸ ਵਿੱਚ ਦਰਜ ਹੈ ਕਿ ਨੇਪੋਲੀਅਨ ਨੈਲਸਨ ਦੇ ਉਸ ਸਮਰਪਣ ਨੂੰ ਵੇਖ ਕੇ ਅਚੰਭਿਤ ਹੋਇਆ ਜੋ ਉਸਨੂੰ ਮਿਲੇ ਆਦੇਸ਼ ਪ੍ਰਤੀ ਉਸਨੇ ਵਿਖਾਇਆ ਸੀ।

ਜਦ ਨੈਲਸਨ ਸੰਸਾਰ ਦੀ ਹਕੂਮਤ ਵੱਲੋਂ ਮਿਲੇ ਆਦੇਸ਼ ਪ੍ਰਤੀ ਇੰਨਾ ਸਮਰਪਿਤ ਸੀ; ਤਾਂ ਸਾਨੂੰ ਰਾਜਿਆਂ ਦੇ ਰਾਜੇ ਅਰ ਪ੍ਰਭੂਆਂ ਦੇ ਪ੍ਰਭੂ ਵੱਲੋਂ ਦਿੱਤੇ ਗਏ ਮਹਾਂ-ਆਦੇਸ਼ ਪ੍ਰਤੀ ਕਿੰਨਾਂ ਵਧੀਕ ਸਮਰਪਿਤ ਅਤੇ ਵਫ਼ਾਦਾਰ ਹੋਣਾ ਚਾਹੀਦਾ ਹੈ? ਸੰਸਾਰਕ ਹਕੂਮਤ ਦੇ ਆਦੇਸ਼ ਪ੍ਰਤੀ ਵਫ਼ਾਦਾਰ ਹੋਣ ਕਰਕੇ ਨੈਲਸਨ ਨੂੰ ਇਤਿਹਾਸ ਵਿੱਚ ਇੱਕ ਖਾਸ ਜਗ੍ਹਾ ਮਿਲੀ। ਸਾਡਾ ਪ੍ਰਭੂ ਇਤਿਹਾਸ ਵਿੱਚ ਸਾਨੂੰ ਕਿੰਨਾਂ ਮਹਾਨ ਸਥਾਨ ਦੇਵੇਗਾ ਜੇਕਰ ਅਸੀਂ ਉਸਦੀ ਆਗਿਆ ਦੀ ਪਾਲਣਾ ਕਰੀਏ? ਬਾਈਬਲ ਵਫ਼ਾਦਾਰ ਸੇਵਕ ਨੂੰ ਇਨਾਮ ਮਿਲਣ ਬਾਰੇ ਗੱਲ ਕਰਦੀ ਹੈ, "ਉਹ ਦੇ ਮਾਲਕ ਨੇ ਉਸ ਨੂੰ ਕਿਹਾ, ਹੇ ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸ਼! ਤੂੰ ਤਾਂ ਥੋੜੇ ਜਿਹੇ ਵਿੱਚ ਮਾਤਬਰ ਨਿਕਲਿਆ ਮੈਂ ਤੈਨੂੰ ਬਹੁਤ ਸਾਰੇ ਉੱਪਰ ਇਖ਼ਤਿਆਰ ਦਿਆਂਗਾ। ਆਪਣੇ ਮਾਲਕ ਦੀ ਖੁਸ਼ੀ ਵਿੱਚ ਦਾਖਲ ਹੋ" ਮੱਤੀ 25:21।

ਕੁੱਝ ਸਮਾਂ ਪਹਿਲਾਂ ਅਸੀਂ ਈਸਟਰ ਮਨਾਇਆ ਹੈ। ਇਸ ਲਈ ਇਹ ਚੰਗਾ ਹੋਵੇਗਾ ਜੇਕਰ ਅਸੀਂ ਪੁਨਰ-ਜੀਵਿਤ ਹੋਏ ਸਾਡੇ ਪ੍ਰਭੂ ਦੇ ਉਨ੍ਹਾਂ ਹੁਕਮਾਂ ਉੱਪਰ ਧਿਆਨ ਕਰੀਏ ਜਿਹੜੇ ਉਸਨੇ ਆਪਣੇ ਚੇਲਿਆਂ ਨੂੰ ਦਿੱਤੇ ਸਨ। ਇਹ ਆਦੇਸ਼ ਕੇਵਲ ਚੇਲਿਆਂ ਲਈ ਹੀ ਨਹੀਂ ਸਗੋਂ ਮਸੀਹ ਦੇ ਸਭ ਲੋਕਾਂ ਦੇ ਲਈ ਹਨ। ਜੇਕਰ ਸੰਸਾਰ ਵਿੱਚ ਕੁੱਲ 3 ਅਰਬ ਮਸੀਹੀ ਹਨ ਤਾਂ ਇਹ ਹੁਕਮ ਉਨ੍ਹਾਂ ਸਭਨਾਂ ਲਈ ਅਰ ਭਾਰਤ ਵਿੱਚ ਰਹਿੰਦੇ 3 ਕਰੋੜ ਮਸੀਹੀਆਂ ਲਈ ਵੀ ਹਨ।ਯਿਸੂ ਦੇ ਮਹਾਂ-ਆਦੇਸ਼ ਦੀ ਪਾਲਣਾ ਕਰੋ, ਦਿਨ ਵਿੱਚ 30 ਸਾਥੀ ਲੋਕਾਂ ਕੋਲ ਪਹੁੰਚੋ; ਸਾਰਾ ਦੇਸ਼ ਯਿਸੂ ਨੂੰ ਪ੍ਰਭੂ ਅਰ

(ਚਲਦਾ ਸਫਾ 3-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



**"...ਨਾ ਡਰ, ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ; ਮੈਂ ਤੇਰਾ ਨਾਂ ਲੈ ਕੇ ਤੈਨੂੰ ਬੁਲਾਇਆ ਹੈ, ਤੂੰ ਮੇਰਾ ਹੈਂ" (ਯਸਾਯਾਹ 43:1)।**




ਮਸੀਹ ਯਿਸੂ ਵਿੱਚ ਪਿਆਰੇ ਮਿੱਤਰੋ,

ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਮਿੱਠੇ ਨਾਮ ਵਿੱਚ ਅਸੀਂ ਤੁਹਾਨੂੰ ਸ਼ੁੱਭ ਇੱਛਾਵਾਂ ਦਿੰਦੇ ਹਾਂ।

ਪ੍ਰਭੂ ਵਿੱਚ ਸਾਡਾ ਹਿਰਦੇ ਅਨੰਦ ਨਾਲ ਉੱਛਲ ਰਿਹਾ ਹੈ ਕਿ ਕਿਵੇਂ ਬੀਤੇ 50 ਸਾਲਾਂ ਦੀ ਸੇਵਕਾਈ ਦੌਰਾਨ ਪ੍ਰਮੇਸ਼ਵਰ ਨੇ ਸਾਡੀ ਅਦਭੁੱਤ ਢੰਗ ਨਾਲ ਅਗਵਾਈ ਕੀਤੀ। ਬੁਲਾਵੇ ਦੀ ਗੂੰਜ ਦੀ ਪੂਰੀ ਟੀਮ ਵੱਲੋਂ ਅਸੀਂ ਸਾਡੇ ਸਭ ਸਹਿਭਾਗੀਆਂ ਦੀਆਂ ਪ੍ਰਾਰਥਨਾਵਾਂ ਅਤੇ ਸਹਾਇਤਾ ਲਈ ਜੋ ਉਨ੍ਹਾਂ ਪ੍ਰਮੇਸ਼ਵਰ ਦੇ ਰਾਜ ਦੇ ਵਿਸਤਾਰ ਲਈ ਕੀਤੀਆਂ, ਦਿਲੋਂ ਧੰਨਵਾਦੀ ਹਾਂ।

ਪ੍ਰਮੇਸ਼ਵਰ ਨੇ 9-11 ਅਗਸਤ 2019 ਦੌਰਾਨ ਸਾਡੇ ਮੁੱਖ ਚਰਚ ਵਿੱਚ, ਸੇਵਕਾਈ ਦੀ ਗੋਲਡਨ ਜੁਬਲੀ ਦੀ ਖੁਸ਼ੀ ਵਿੱਚ ਆਯੋਜਿਤ ਕਨਵੈਂਸ਼ਨ ਦੁਆਰਾ ਸਾਨੂੰ ਬਹੁਤ ਬਰਕਤ ਦਿੱਤੀ। ਅਸੀਂ ਸਾਡੇ ਉਨ੍ਹਾਂ ਸਭ ਮਿੱਤਰਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਪ੍ਰਾਰਥਨਾਵਾਂ, ਸ਼ੁੱਭ ਇੱਛਾਵਾਂ ਅਤੇ ਭੇਟਾਂ ਦੁਆਰਾ ਸਾਨੂੰ ਉਤਸ਼ਾਹਿਤ ਕੀਤਾ। ਅਸੀਂ ਸਾਰੀ ਮਹਿਮਾ ਅਤੇ ਆਦਰ ਸਾਡੇ ਪ੍ਰਭੂ ਯਿਸੂ ਮਸੀਹ ਨੂੰ ਦਿੰਦੇ ਹਾਂ।

ਇਸ ਸੰਸਕਰਣ ਵਿੱਚ ਅਸੀਂ ਹੋਰ ਗੱਲਾਂ ਦੇ ਨਾਲ ਸਾਡੇ ਪਿੰਡ ਵਿੱਚ ਚੱਲਦੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਬਾਰੇ ਵੀ ਜਾਣਕਾਰੀ ਦੇਣਾ ਚਾਹੁੰਦੇ ਹਾਂ ਜੋ ਚੇਨੱਈ ਦੇ ਇੱਕ ਇਲਾਕੇ ਵਿੱਚ ਚੱਲਦਾ ਹੈ ਅਤੇ ਜਿਸ ਵਿੱਚ ਗਰੀਬ ਵਰਗ ਲਗਭਗ 500 ਬੱਚੇ ਪੜ੍ਹਦੇ ਹਨ। ਪਿਛਲੇ ਕਈ ਸਾਲਾਂ ਤੋਂ ਬੋਰਡ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਸਭ ਵਿਦਿਆਰਥੀ ਬਹੁਤ ਹੀ ਚੰਗੇ ਅੰਕਾਂ ਨਾਲ ਸਫ਼ਲ ਹੋ ਰਹੇ ਹਨ।

22 ਸਾਲ ਪਹਿਲਾਂ ਜਦੋਂ ਤੋਂ ਇਸ ਸਕੂਲ ਦੀ ਸ਼ੁਰੂਆਤ ਹੋਈ ਇਸਦੀ ਚਾਰ-ਦੀਵਾਰੀ ਦੀ ਮੁਰੰਮਤ ਅਤੇ ਰੰਗ-ਰੋਗਨ ਦੀ ਲੋੜ ਹੈ ਅਤੇ ਫ਼ਰਸ਼ ਵਿੱਚ ਵੀ ਨਵੀਆਂ ਟਾਈਲਾਂ ਲਗਾਉਣ ਦੀ ਜ਼ਰੂਰਤ ਹੈ। ਕਿਉਂਕਿ ਇੱਥੇ ਕਾਫ਼ੀ ਗਰਮੀ ਰਹਿੰਦੀ ਹੈ, ਸਾਨੂੰ ਹੋਰ ਸਮਾਨ ਜਿਵੇਂ ਪੱਖਿਆਂ ਆਦਿ ਦੀ ਵੀ ਲੋੜ ਰਹਿੰਦੀ ਹੈ। ਅਸੀਂ ਕੁੱਝ ਹੋਰ ਤਜ਼ਰਬੇਕਾਰ ਅਧਿਆਪਕਾਂ ਨੂੰ ਵੀ ਨਿਯੁਕਤ ਕਰਨ ਜਾ ਰਹੇ ਹਾਂ। ਉੱਚ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਦੇ ਟੀਚੇ ਨੂੰ ਪੂਰਾ ਕਰਨ ਲਈ ਸਾਨੂੰ ਲੋੜੀਂਦੀ ਆਰਥਿਕ ਸਹਾਇਤਾ ਦੀ ਲੋੜ ਹੈ। ਇਸ ਲਈ ਅਸੀਂ ਤੁਹਾਡੇ ਅਰ ਤੁਹਾਡੇ ਵਰਗੇ ਹੋਰ ਪਿਆਰਿਆਂ ਦੀਆਂ ਪ੍ਰਾਰਥਨਾਵਾਂ ਅਤੇ ਸਹਾਇਤਾ ਦੀ ਮੰਗ ਕਰਦੇ ਹਾਂ।

ਪ੍ਰਮੇਸ਼ਵਰ ਸਾਡੇ ਨਹਮਯਾਹ ਬਾਈਬਲ ਕਾਲਜਾਂ ਨੂੰ ਬਰਕਤ ਦੇ ਰਿਹਾ ਹੈ। ਮੌਜੂਦਾ ਸਮੇਂ ਵਿੱਚ ਸਾਡੇ ਕੋਲ 50 ਵਿਦਿਆਰਥੀ ਹਨ। ਅਸੀਂ ਆਪਣੇ ਵਿਦਿਆਰਥੀਆਂ ਲਈ 17 ਅਗਸਤ ਨੂੰ "ਮਨੁੱਖੀ ਜੀਵਨ ਵਿੱਚ ਪ੍ਰਮੇਸ਼ਵਰ ਦੀ ਬੁਲਾਹਟ" ਵਿਸ਼ੇ ਉੱਪਰ ਸੈਮੀਨਾਰ ਕਰਵਾਇਆ ਅਤੇ 24 ਅਗਸਤ 2019 ਨੂੰ ਸਭ ਬਾਈਬਲ ਕਾਲਜਾਂ ਦੇ ਵਿਦਿਆਰਥੀਆਂ ਅਤੇ ਸਭ ਚਰਚਾਂ ਦੇ ਲੀਡਰਾਂ ਲਈ ਰਿਟ੍ਰੀਟ ਦਾ ਆਯੋਜਨ ਕੀਤਾ।

ਸਾਡੀ ਕਲੀਸਿਆਵਾਂ ਚੰਗਾ ਫਲ ਲਿਆ ਰਹੀਆਂ ਹਨ। ਅਸੀਂ 3 ਅਤੇ 4 ਅਗਸਤ ਨੂੰ ਸਾਡੇ ਮੁੱਖ ਚਰਚ ਵਿੱਚ ਵਿਸ਼ੇਸ਼ ਮੀਟਿੰਗਾਂ ਦਾ ਆਯੋਜਨ ਕੀਤਾ ਜਿਨ੍ਹਾਂ ਵਿੱਚ ਭਾਗ ਲੈਣ ਵਾਲੇ ਸਭ ਲੋਕਾਂ ਨੇ ਬਰਕਤ ਪਾਈ।

ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈੱਸ ਹਰ ਘੰਟੇ ਦਸ ਹਜ਼ਾਰ ਪੇਪਰ ਪ੍ਰਿੰਟ ਕਰਦੀ ਹੈ, ਇਸੇ ਕਰਕੇ ਅਸੀਂ ਹਜ਼ਾਰਾਂ ਦੀ ਗਿਣਤੀ ਵਿੱਚ ਅਲੱਗ-ਅਲੱਗ ਭਾਸ਼ਾਵਾਂ ਵਿੱਚ ਸੁਸਮਾਚਾਰ ਲਿਟ੍ਰੇਚਰ ਛਾਪ ਕੇ ਆਪਣੇ ਮਿਸ਼ਨ ਸੈਂਟਰਾਂ ਵਿੱਚ ਮੁਫ਼ਤ ਵੰਡਣ ਲਈ ਭੇਜਦੇ ਹਾਂ।

ਸੰਪਾਦਕੀ ਦੇ ਇਸ ਸੰਸਕਰਣ ਨੂੰ ਪੜ੍ਹਨ ਲਈ ਤੁਹਾਡਾ ਧੰਨਵਾਦ। ਸਾਨੂੰ ਯਕੀਨ ਹੈ ਕਿ ਪ੍ਰਮੇਸ਼ਵਰ ਸਾਡੇ ਨਾਲ ਹਰ ਸੰਭਵ ਢੰਗ ਨਾਲ ਹੱਥ ਵਟਾਉਣ ਲਈ ਤੁਹਾਨੂੰ ਉਤਸ਼ਾਹਿਤ ਕਰੇਗਾ। ਅਸੀਂ ਪ੍ਰਭੂ ਵਿੱਚ ਤੁਹਾਨੂੰ ਬਹੁਤ ਪਿਆਰ ਕਰਦੇ ਅਤੇ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ।

**CHIEF EDITORS**
Pastor S. Sam Selva Raj
Angeline Selvakumari Henry, M.A., M.Ed.
**MANAGING EDITOR**
Pastor Alex Samson Sam, B.Th., M.Div.
**ADMINISTRATION**
Bro. N. Prakasam, M.A., General Manager
**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.
**ADVISORY BOARD**
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.

**PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

**Our Ministries:** ECHO OF HIS CALL Monthly Magazines (16 languages) BIBLECOR - Postal Courses (3 languages) Theological Correspondence Courses (2 languages) Church Planting Nehemiah Bible Colleges Gospel Printing Press Great Commission Partners Village English High School Crusades 100 Prayer Warriors Community Development

ਕਿਰਪਾ ਕਰਕੇ ਸਾਡੀ ਲਈ ਵੀ ਪ੍ਰਾਰਥਨਾ ਕਰੋ।

ਪ੍ਰਮੇਸ਼ਵਰ ਤੁਹਾਨੂੰ ਭਰਪੂਰੀ ਨਾਲ ਬਰਕਤ ਦੇਵੇ

ਮਸੀਹ ਵਿੱਚ ਤੁਹਾਡਾ ਸੇਵਕ,
ਐੱਸ. ਸੈਮ ਸੇਲਵਾ ਰਾਜ।

(ਸਫਾ 1 ਤੋਂ ਚਲਦਾ-)

ਮੁਕਤੀਦਾਤਾ ਦੇ ਰੂਪ ਵਿੱਚ ਜਾਣ ਜਾਵੇਗਾ। ਪ੍ਰਮੇਸ਼ਵਰ ਸਾਡੀ ਮਦਦ ਕਰੇ ਕਿ ਅਸੀਂ ਸਮਝ ਸਕੀਏ ਕਿ ਯਿਸੂ ਦੇ ਮਹਾਂ-ਆਦੇਸ਼ ਦੇਣ ਅਤੇ ਇਹ ਆਖਣ ਦਾ ਕੀ ਮਕਸਦ ਸੀ ਕਿ: “ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ” ਮੱਤੀ 28:19।

(1) ਆਦੇਸ਼ ਕੀ ਹੈ?
(ੳ) ਅਰਥ
(ਅ) ਵਿਸ਼ੇਸ਼ਤਾਵਾਂ
(ੲ) ਖੇਤਰ
(2) ਆਦੇਸ਼ ਕਿਉਂ?
(ਅ) ਪੁਰਾਣੇ ਨੇਮ ਦਾ ਵਿਚਾਰ
(ਅ) ਨਵੇਂ ਨੇਮ ਦਾ ਵਿਚਾਰ
(ੳ) ਵਰਤਮਾਨ ਵਿਚਾਰ
(3) ਸਾਰਾਂਸ਼

## 1. ਆਦੇਸ਼ ਕੀ ਹੈ?

### (ੳ) ਅਰਥ:

ਅਸੀਂ ਸਭ ਇਹ ਚੰਗੀ ਤਰਾਂ ਜਾਣਦੇ ਹਾਂ ਕਿ ਆਦੇਸ਼ ਇੱਕ ਆਗਿਆ ਹੁੰਦੀ ਹੈ ਜੋ ਕਿ ਉੱਚ ਅਧਿਕਾਰੀ ਆਪਣੇ ਅਧੀਨ ਲੋਕਾਂ ਨੂੰ ਦਿੰਦਾ ਹੈ। ਸਾਨੂੰ ਇਹ ਵੀ ਪਤਾ ਹੈ ਕਿ ਸ਼ਬਦ ਸੈਨਾ ਦੀ ਭਾਸ਼ਾ ਵਿੱਚ ਵਰਤਿਆ ਜਾਂਦਾ ਹੈ। ਆਦੇਸ਼ ਬਾਰੇ ਇਹ ਵੀ ਮੰਨਿਆਂ ਜਾਂਦਾ ਹੈ ਕਿ ਇਸਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਅਰ ਮੰਨਣਾ ਹੀ ਪੈਂਦਾ ਹੈ।

ਨਵੇਂ ਨੇਮ ਵਿੱਚ ਯਿਸੂ ਚੇਲਿਆਂ ਨੂੰ ਆਗਿਆ (ਯੂਨਾਨੀ ਵਿੱਚ “ਏਂਟੀਲਾਮੇਨੋਸ”) ਦਿੰਦਾ ਹੈ। ਜਿਸਦਾ ਅਰਥ ਹੈ ਦਿਸ਼ਾ ਨਿਰਦੇਸ਼ ਦੇਣਾ। ਪ੍ਰਮੇਸ਼ਵਰ ਦੇ ਹਰੇਕ ਬੱਚੇ ਨੂੰ ਇਹ ਸੱਚਾਈ ਸਮਝ ਲੈਣੀ ਚਾਹੀਦੀ ਹੈ ਅਤੇ ਇਸ ਵਿੱਚ ਅਨੰਦਤ ਹੋਣਾ ਚਾਹੀਦਾ ਹੈ ਕਿ ਯਿਸੂ ਨੇ ਮੈਨੂੰ ਆਦੇਸ਼ ਦਿੱਤਾ ਹੈ। ਉਸਨੇ ਸਪੱਸ਼ਟ ਦਿਸ਼ਾ ਨਿਰਦੇਸ਼ ਦਿੱਤੇ ਹਨ।

### (ਅ) ਆਦੇਸ਼ ਦੀਆਂ ਵਿਸ਼ੇਸ਼ਤਾਵਾਂ:

**(i)** ਜ਼ਿੰਮੇਵਾਰੀ ਦਾ ਫ਼ਰਜ਼: ਆਮ ਤੌਰ ਤੇ ਆਦੇਸ਼ ਉੱਚ ਅਧਿਕਾਰੀ ਵੱਲੋਂ ਹੇਠਲੇ ਅਧਿਕਾਰੀ ਨੂੰ ਦਿੱਤਾ ਜਾਂਦਾ ਹੈ। ਆਦੇਸ਼ ਵਾਰਤਾਲਾਪ, ਬੇਨਤੀ ਜਾਂ ਨਿਵੇਦਨ ਤੋਂ ਭਿੰਨ ਹੁੰਦਾ ਹੈ। ਇਹ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੀ ਡਿਊਟੀ ਹੁੰਦੀ ਹੈ। ਆਦੇਸ਼ ਨੂੰ ਅਧੂਰਾ ਨਹੀਂ ਛੱਡਿਆ ਜਾ ਸਕਦਾ। ਇਸਨੂੰ ਪੂਰਾ ਕਰਨਾ ਹੀ ਪੈਂਦਾ ਹੈ।

**(ii)** ਸਮਾਂ ਅਧਾਰਿਤ: ਆਦੇਸ਼ ਇੱਕ ਵਿਸ਼ੇਸ਼ ਸਮੇਂ ਲਈ ਹੁੰਦਾ ਹੈ। ਜੇਕਰ ਸੌਂਪਿਆ ਗਿਆ ਕੰਮ ਨਿਰਧਾਰਤ ਸਮੇਂ ਵਿੱਚ ਪੂਰਾ ਨਹੀਂ ਹੁੰਦਾ ਤਾਂ ਉਸਦਾ ਮਹੱਤਵ ਖ਼ਤਮ ਹੋ ਜਾਂਦਾ ਹੈ। ਉਦਾਹਰਨ ਵੱਜੋਂ ਜੇਕਰ ਸੈਨਾ ਦੇ ਆਦੇਸ਼ ਨੂੰ ਵੇਲੇ ਸਿਰ ਪੂਰਾ ਨਾ ਕੀਤਾ ਜਾਵੇ ਤਾਂ ਦੁਸ਼ਮਣ ਹਮਲਾ ਕਰਕੇ ਵਿਰੋਧੀ ਨੂੰ ਖ਼ਤਮ ਕਰ ਦੇਵੇਗਾ। ਇਸ ਲਈ ਅਦੇਸ਼ ਨੂੰ ਇੱਕ ਵਿਸ਼ੇਸ਼ ਸਮੇਂ ਤੇ ਮੰਨਣਾ ਅਰ ਪੂਰਾ ਕਰਨਾ ਹੁੰਦਾ ਹੈ।

**(iii)** ਕਰਮ ਅਧਾਰਿਤ: ਸਮੇਂ ਅਤੇ ਲੋਕਾਂ ਦੇ ਮਹੱਤਵ ਦੇ ਨਾਲ ਹੀ ਇਸ ਵਿੱਚ ਇੱਕ ਵਿਸ਼ੇਸ਼ ਕੰਮ ਵੀ ਪੂਰਾ ਕਰਨਾ ਹੁੰਦਾ ਹੈ। ਹਰੇਕ ਮਸੀਹੀ ਜੀਵਨ ਦਾ ਮਕਸਦ ਕੇਵਲ ਜੀਵਨ ਜੀਣਾ ਹੀ ਨਹੀਂ ਹੈ। ਪਰੰਤੂ ਸੁਸਮਾਚਾਰੀਕਰਨ ਦੇ ਕੰਮ ਨੂੰ ਪੂਰਾ ਕਰਨਾ ਵੀ ਹੈ। ਜੋ ਆਦੇਸ਼ ਯਿਸੂ ਨੇ ਜ਼ੋਰ ਦੇ ਕੇ ਦਿੱਤਾ ਹੈ ਉਹ ਹੈ ਸੁਸਮਾਚਾਰ ਪ੍ਰਚਾਰ ਕਰੋ ਅਰ ਬਪਤਿਸਮਾ ਦਿਓ।

### (ੲ) ਆਦੇਸ਼ ਦਾ ਖੇਤਰ:

ਆਦੇਸ਼ ਦੀ ਇੱਕ ਸੀਮਾ ਹੁੰਦੀ ਹੈ। ਸੈਨਾ ਵਿੱਚ ਬਹੁਤ ਸਾਰੇ ਆਦੇਸ਼ ਹੁੰਦੇ ਹਨ। ਇੱਕ ਵਿਸ਼ੇਸ਼ ਕਮਾਂਡਰ ਇੱਕ ਵਿਸ਼ੇਸ਼ ਸਿਪਾਹੀਆਂ ਦੇ ਸਮੂਹ ਨੂੰ ਇੱਕ ਵਿਸ਼ੇਸ਼ ਖੇਤਰ ਵਿੱਚ ਕਾਰਵਾਈ ਕਰਨ ਦੀ ਹੀ ਆਗਿਆ ਦੇ ਸਕਦਾ ਹੈ।

ਪਰੰਤੂ ਸਾਡੇ ਪ੍ਰਭੂ ਯਿਸੂ ਵੱਲੋਂ ਦਿੱਤੇ ਗਏ ਆਦੇਸ਼ ਦਾ ਅਧਿਕਾਰ ਖੇਤਰ ਪੂਰੀ ਧਰਤੀ ਉੱਪਰ ਹੈ। ਨਾਲ ਹੀ ਇਸ ਕੋਲ ਦੁਸ਼ਟ, ਅਕਾਸ਼ ਦੀਆਂ ਹਕੂਮਤਾਂ ਅਤੇ ਨਰਕ ਦੀਆਂ ਤਾਕਤਾਂ ਉੱਪਰ ਵੀ ਅਧਿਕਾਰ ਹੈ। ਯਿਸੂ ਨੇ ਆਖਿਆ, “ਸਮੁੱਚੇ ਸੰਸਾਰ ਵਿੱਚ ਜਾਓ”। ਯਿਸੂ ਦਾ ਆਦੇਸ਼ ਸਭ ਇਲਾਕਿਆਂ, ਭਾਸ਼ਾਵਾਂ, ਸੱਭਿਆਚਾਰਾਂ, ਜਾਤੀਆਂ, ਰੰਗਾਂ, ਨਸਲਾਂ, ਧਰਮਾਂ ਆਦਿ ਨਾਲੋਂ ਵੀ ਵਿਸ਼ਾਲ ਹੈ ਅਤੇ ਇਹ ਆਦੇਸ਼ ਸਭਨਾਂ ਲਈ ਹੈ। ਕੋਈ ਵੀ ਮਸੀਹੀ ਇਸ ਆਦੇਸ਼ ਤੋਂ ਬਾਹਰ ਨਹੀਂ ਹੈ। ਮਸੀਹ ਦੇ ਸਭ ਲੋਕਾਂ ਲਈ ਇਸ ਆਦੇਸ਼ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਭਾਰਤ ਦੀ ਜ਼ਮੀਨ ਵਿੱਚ ਫ਼ਸਲ ਪੂਰੀ ਤਰਾਂ ਤਿਆਰ ਅਰ ਪੱਕੀ ਹੋਈ ਹੈ। ਇਹ ਸਭ ਤੋਂ ਵੱਡਾ ਅਜਿਹਾ ਦੇਸ਼ ਹੈ ਜਿਸ ਵਿੱਚ ਚੇਲੇ ਬਣਾਉਣ ਲਈ ਸਭ ਤੋਂ ਵੱਧ ਲੋਕਾਂ ਦਾ ਧਿਆਨ ਕੇਂਦਰਿਤ ਹੈ। ਸੰਸਾਰ ਦੇ 80% ਅਪਹੁੰਚੇ ਲੋਕ ਇੱਥੇ ਰਹਿੰਦੇ ਹਨ। ਇਸ ਲਈ ਪ੍ਰਮੇਸ਼ਵਰ ਦੇ ਹਰੇਕ ਬੱਚੇ ਨੂੰ ਜਿਸਨੂੰ ਮਹਾਂ-ਆਦੇਸ਼ ਦੀ ਇਹ ਬੁਲਾਹਟ ਮਿਲੀ ਹੈ ਸੁਸਮਾਚਾਰ ਸੁਣਾਉਣ ਲਈ ਉੱਠਣਾ ਚਾਹੀਦਾ ਹੈ।

### ਪੁਰਾਣੇ ਨੇਮ ਵਿੱਚ ਆਦੇਸ਼:

ਪੁਰਾਣੇ ਨੇਮ ਵਿੱਚ ਪ੍ਰਮੇਸ਼ਵਰ ਦੇ ਦਾਸ ਮੂਸਾ ਵੱਲੋਂ ਇਸਰਾਏਲੀਆਂ ਨੂੰ ਆਦੇਸ਼ ਦਿੱਤੇ ਗਏ। ਇਨ੍ਹਾਂ ਨੂੰ ਦਸ ਹੁਕਮ ਵੀ ਆਖਿਆ ਜਾਂਦਾ ਹੈ। ਇਸਨੂੰ ਸਕਾਰਾਤਮਕ ਅਤੇ ਨਕਾਰਾਤਮਕ ਕਾਨੂੰਨ ਵੱਜੋਂ ਵੀ ਜਾਣਿਆ ਜਾਂਦਾ ਹੈ। ਇਹਨਾਂ ਦਾ ਮੰਨਣਾ ਅਤੇ ਤੋੜਿਆ ਜਾਣਾ ਬਰਕਤਾਂ ਅਤੇ ਸਰਾਪ ਲੈ ਕੇ ਆਉਂਦਾ ਸੀ। ਕੂਚ ਦੀ ਕਿਤਾਬ ਦੇ 20 ਅਧਿਆਏ ਦੀ 3 ਆਇਤ ਤੋਂ 17 ਆਇਤ ਤੱਕ ਇਹ 10 ਆਦੇਸ਼ ਮਿਲਦੇ ਹਨ।ਪ੍ਰਮੇਸ਼ਵਰ ਮੁੜ ਦੁਹਰਾਉਂਦੇ ਹੋਏ ਆਖਦਾ ਹੈ, “ਤੁਸੀਂ ਮੇਰੇ ਸ਼ਰੀਕ ਨਾ ਬਣਾਓ, ਨਾ ਚਾਂਦੀ ਦੇ ਦੇਵਤੇ ਨਾ ਸੋਨੇ ਦੇ ਦੇਵਤੇ ਆਪਣੇ ਲਈ ਬਣਾਓ। ਤੁਸੀਂ ਮੇਰੇ ਲਈ ਮਿੱਟੀ ਦੀ ਜਗਵੇਦੀ ਬਣਾਓ ਅਤੇ ਉਸ ਉੱਤੇ ਆਪਣੀ ਹੋਮ ਬਲੀਆਂ ਅਤੇ ਸੁੱਖ ਸਾਂਦ ਦੀਆਂ ਬਲੀਆਂ ਅਰਥਾਤ ਆਪਣੀਆਂ ਭੇਡਾਂ ਅਤੇ ਬਲਦ ਚੜ੍ਹਾਓ ਅਤੇ ਹਰ ਸਥਾਨ ਉੱਤੇ ਜਿੱਥੇ ਮੈਂ ਆਪਣਾ ਨਾਂ ਚੇਤੇ ਕਰਾਉਂਦਾ ਹਾਂ ਮੈਂ ਤੁਹਾਡੇ ਕੋਲ ਆਵਾਂਗਾ ਅਤੇ ਤੁਹਾਨੂੰ ਬਰਕਤ ਦੇਵਾਂਗਾ” ਕੂਚ 20:23,24।

ਪੁਰਾਣੇ ਨੇਮ ਵਿੱਚ ਆਦੇਸ਼, ਜਿਸਨੂੰ ਬਿਵਸਥਾ ਅਰ ਇਬਰਾਨੀ ਵਿੱਚ “ਤੋਰਹ” ਆਖਿਆ ਜਾਂਦਾ ਹੈ, ਦੇਣ ਦਾ ਮਕਸਦ ਸੀ ਕਿ ਲੋਕ ਇੱਕੋ ਪ੍ਰਮੇਸ਼ਵਰ ਦੀ ਅਰਾਧਨਾ ਕਰਨ। ਜਿਸਦਾ ਅਰਥ ਹੈ, ਕੇਵਲ ਇੱਕੋ ਹੀ ਪ੍ਰਮੇਸ਼ਵਰ ਹੈ, ਜੋ ਸਾਰੀ ਰਚਨਾ ਅਰ ਮਨੁੱਖ ਜਾਤੀ ਦਾ ਰਚਣ ਵਾਲਾ ਹੈ। ਮਨੁੱਖ ਨੂੰ ਆਦੇਸ਼ ਇਸ ਲਈ ਦਿੱਤਾ ਗਿਆ ਕਿਉਂਕਿ ਉਹ ਨੈਤਿਕਤਾ ਅਰ ਵਿਵੇਕ ਵਿੱਚ ਖਲੋਤਾ ਨਾ ਰਹਿ ਸਕਿਆ। ਉਸਦੇ ਜ਼ਮੀਰ ਅਰ ਸੰਗਤੀ ਨੂੰ ਮੁੜ ਬਹਾਲ ਕਰਨ ਲਈ ਪ੍ਰਮੇਸ਼ਵਰ ਨੇ ਬਿਵਸਥਾ ਦਿੱਤੀ ਉਹ ਆਦੇਸ਼ ਜਿਸਨੂੰ ਮੰਨਣਾ ਜ਼ਰੂਰੀ ਸੀ। ਇਸਦੀ ਪਾਲਣਾ ਕਰਨ ਨਾਲ ਬਰਕਤ ਪਰੰਤੂ ਉਲੰਘਣਾ ਕਰਨ ਤੇ ਬਿਪਤਾ ਆਉਂਦੀ ਸੀ। ਇਸ ਲਈ ਸਾਨੂੰ ਆਦੇਸ਼ਾਂ ਨੂੰ

ਨਵੇਂ ਸੰਦਰਭ ਤੋਂ ਵੇਖਣ ਦੀ ਲੋੜ ਹੈ। ਆਦੇਸ਼ ਦੀ ਹੱਦ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਕਿਵੇਂ ਉਸਦਾ ਸਹੀ ਜਾਂ ਗਲਤ ਇਸਤੇਮਾਲ ਹੋਇਆ ਹੈ।

ਫਿਰ ਵੀ ਪੁਰਾਣੇ ਨੇਮ ਦੀ ਬਿਵਸਥਾ ਬਾਰੇ ਪੌਲੁਸ ਲਿਖਦਾ ਹੈ, "ਇਸ ਲਈ ਜੋ ਉਹ ਦੇ ਅੱਗੇ ਸ਼ਰ੍ਹਾ ਦੇ ਕਰਮਾਂ ਤੋਂ ਕੋਈ ਧਰਮੀ ਨਹੀਂ ਠਹਿਰੇਗਾ ਕਿਉਂ ਜੋ ਸ਼ਰ੍ਹਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ" ਰੋਮੀਆਂ 3:20।

## ਨਵੇਂ ਨੇਮ ਵਿੱਚ ਆਦੇਸ਼:

ਨਵੇਂ ਨੇਮ ਦਾ ਆਦੇਸ਼ ਪੁਰਾਵੇ ਨੇਮ ਤੋਂ ਬਿਲਕੁਲ ਭਿੰਨ ਹੈ। ਇਹ ਪੁਰਾਣੇ ਆਦੇਸ਼ ਤੋਂ ਉਲਟ ਨਹੀਂ ਹੈ ਸਗੋਂ ਉਸਦੀ ਸ਼ਲਾਘਾ ਕਰਦਾ ਹੈ। ਯਿਸੂ ਨੇ ਆਖਿਆ ਮੈਂ ਸ਼ਰ੍ਹਾ ਨੂੰ ਰੱਦ ਨਹੀਂ ਸਗੋਂ ਪੂਰਾ ਕਰਨ ਆਇਆ ਹਾਂ। ਇਸਦਾ ਅਰਥ ਹੈ ਕਿ ਤਦ ਤੱਕ ਸ਼ਰ੍ਹਾ ਦਾ ਉਦੇਸ਼ ਪੂਰਾ ਨਹੀਂ ਹੋਇਆ ਸੀ। ਯਿਸੂ ਦੇ ਆਗਮਨ ਨੇ ਸ਼ਰ੍ਹਾ ਨੂੰ ਕਿਰਪਾ ਨਾਲ ਬਦਲ ਦਿੱਤਾ। ਨਵੇਂ ਨੇਮ ਦੀ ਸ਼ਰ੍ਹਾ ਇਸ ਕਿਰਪਾ ਦੇ ਸਮੇਂ ਵਿੱਚ ਇੱਕ ਅਲੱਗ ਜੀਵਨ ਪੱਧਰ ਦੀ ਮੰਗ ਕਰਦੀ ਹੈ। ਪੁਰਾਣੇ ਨੇਮ ਵਿੱਚ ਆਦੇਸ਼ਾਂ ਨੂੰ ਮਜਬੂਰੀ ਅਰ ਡਰ ਦੇ ਕਰਕੇ ਮੰਨਿਆਂ ਜਾਂਦਾ ਸੀ। ਪਰੰਤੂ ਨਵੇਂ ਨੇਮ ਵਿੱਚ ਇਹ ਵਿਵੇਕਸ਼ੀਲ ਹੈ ਅਰ ਪਿਆਰ ਉੱਪਰ ਅਧਾਰਿਤ ਹੈ।

ਅੱਜ ਜਿਸ ਚੀਜ਼ ਨੇ ਮਸੀਹੀਆਂ ਨੂੰ ਦਬਾ ਲਿਆ ਹੈ ਉਹ ਹਨ ਉਨ੍ਹਾਂ ਦੀਆਂ ਪਰੇਸ਼ਾਨੀਆਂ। ਜਦੋਂ ਉਹ ਮੁਸ਼ਕਿਲਾਂ ਅਤੇ ਪ੍ਰਤਾਵਿਆਂ ਦਾ ਸਾਹਮਣਾ ਕਰਦੇ ਹਨ ਤਾਂ ਤੁਰੰਤ ਉਹ ਆਪਣੀ ਇੱਛਾ ਸ਼ਕਤੀ ਗੁਆ ਬੈਠਦੇ ਹਨ। ਉਹ ਪ੍ਰਮੇਸ਼ਵਰ ਦੇ ਵਾਅਦਿਆਂ ਨੂੰ ਤੁਰੰਤ ਭੁੱਲ ਜਾਂਦੇ ਹਨ। ਬਾਈਬਲ ਆਖਦੀ ਹੈ, "ਕਿਉਂ ਜੋ ਸਾਡਾ ਪ੍ਰਧਾਨ ਯਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿੱਚ ਸਾਡੀ ਦਰਦੀ ਨਾ ਹੋ ਸਕੇ ਸਗੋਂ ਉਹ ਸਾਰੀਆਂ ਗੱਲਾਂ ਵਿੱਚ ਸਾਡੇ ਵਾਂਗ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ" ਇਬਰਾਨੀਆਂ 4:15। ਖਤਰੇ ਦੇ ਵੇਲੇ ਰਾਜਾ ਦਾਊਦ ਲਿਖਦਾ ਹੈ, "ਯਹੋਵਾਹ ਮੇਰਾ ਚਾਨਣ ਅਰ ਮੇਰਾ ਬਚਾਓ ਹੈ, ਮੈਂ ਕਿਸਤੋਂ ਡਰਾਂ? ਯਹੋਵਾਹ ਮੇਰੇ ਜੀਊਣ ਦਾ ਗੜ੍ਹ ਹੈ ਮੈਂ ਕਿਸਦਾ ਭੈਅ ਖਾਵਾਂ"?ਜ਼ਬੂਰ 27:1। ਪ੍ਰਮੇਸ਼ਵਰ ਦੇ ਵਾਅਦਿਆਂ ਨੂੰ ਨਾ ਭੁੱਲਣ ਦਾ ਸਭ ਤੋਂ ਚੰਗਾ ਇਲਾਜ ਹੈ ਕਿ ਉਨ੍ਹਾਂ ਨੂੰ ਬਾਰ ਬਾਰ ਚੇਤੇ ਕਰਦੇ ਰਹੋ। ਕੁਦਰਤੀ ਤੌਰ ਤੇ ਮਨੁੱਖ ਉਨ੍ਹਾਂ ਚੀਜ਼ਾਂ ਅਤੇ ਘਟਨਾਵਾਂ ਨੂੰ ਹੀ ਚੇਤੇ ਰੱਖਦਾ ਹੈ ਜਿਨ੍ਹਾਂ ਨੂੰ ਉਹ ਪਿਆਰ ਕਰਦਾ ਹੈ। ਇਸ ਲਈ ਜੇਕਰ ਅਸੀਂ ਪ੍ਰਮੇਸ਼ਵਰ ਅਤੇ ਉਸਦੇ ਵਚਨਾਂ ਨੂੰ ਚੇਤੇ ਰੱਖਣਾ ਚਾਹੁੰਦੇ ਹਾਂ ਤਾਂ ਉਸ ਨਾਲ ਪਿਆਰ ਕਰੀਏ।

ਯਿਸੂ ਨੇ ਹੁਕਮਾਂ ਦੇ ਉੱਤਰ ਵਿੱਚ ਆਖਿਆ, "...ਮੁੱਖ ਇਹ ਹੈ ਕਿ ਹੇ ਇਸਰਾਏਲ ਸੁਣ, ਪ੍ਰਭੂ ਸਾਡਾ ਪ੍ਰਮੇਸ਼ਵਰ ਇੱਕੋ ਪ੍ਰਭੂ ਹੈ ਅਰ ਤੂੰ ਪ੍ਰਭੂ ਆਪਣੇ ਪ੍ਰਮੇਸ਼ਵਰ ਨੂੰ ਆਪਣੇ ਸਾਰੇ ਦਿਲ ਅਤੇ ਆਪਣੀ ਸਾਰੀ ਜਾਨ ਅਤੇ ਆਪਣੀ ਸਾਰੀ ਬੁੱਧ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ। ਇਹ ਪਹਿਲਾ ਹੁਕਮ ਹੈ" ਮਰਕੁਸ 12:29,30। ਹਰੇਕ ਪਾਠਕ ਨੂੰ ਇੱਥੇ ਧਿਆਨ ਦੇਣਾ ਚਾਹੀਦਾ ਹੈ ਕਿ ਕਿਵੇਂ ਯਿਸੂ ਇਸ ਪਹਿਲੇ ਆਦੇਸ਼ ਦੇ ਸਿਧਾਂਤ ਅਰ ਵਿਸ਼ੇਸ਼ਤਾ ਨੂੰ ਕਿਵੇਂ ਪੇਸ਼ ਕਰਦੇ ਹਨ। ਪਹਿਲਾ ਹਿੱਸਾ ਹੈ ਕਿ ਤੁਹਾਨੂੰ ਆਪਣੇ ਪ੍ਰਮੇਸ਼ਵਰ ਨੂੰ ਪਿਆਰ ਕਰਨਾ ਚਾਹੀਦਾ ਹੈ, ਇਹ ਸਿਧਾਂਤ ਹੈ ਪਰੰਤੂ ਪਿਆਰ ਉਸਦੀ ਵਿਸ਼ੇਸ਼ਤਾ ਹੈ। ਉਹ ਆਖਦਾ ਹੈ ਕਿ ਸਿਧਾਂਤ ਦੀ ਵਿਸ਼ੇਸ਼ਤਾ ਪ੍ਰਮੇਸ਼ਵਰ ਨੂੰ (ੳ) ਸਾਰੀ ਸ਼ਕਤੀ (ਅ) ਸਾਰੀ ਬੁੱਧ (ੲ) ਸਾਰੀ ਜਾਨ ਅਤੇ (ਸ) ਸਾਰੇ ਦਿਲ ਨਾਲ ਪਿਆਰ ਕਰਨ ਵਿੱਚ ਹੈ।

ਆਦੇਸ਼ ਨੂੰ ਮੰਨਣ ਨਾਲ ਸਰੀਰਕ ਅਰ ਆਤਮਿਕ ਬਰਕਤਾਂ ਮਿਲਦੀਆਂ ਹਨ। ਦੁਨਿਆਵੀ ਮੰਗ ਦੀ ਗੱਲ ਕਰਦੇ ਹੋਏ ਪ੍ਰਭੂ ਯਿਸੂ ਆਖਦੇ ਹਨ, "ਪਹਿਲਾਂ ਪ੍ਰਮੇਸ਼ਵਰ ਦੇ ਰਾਜ ਅਰ ਧਰਮ ਦੀ ਖੋਜ ਕਰੋ; ਤਾਂ ਤੁਹਾਨੂੰ ਇਹ ਸਭ ਚੀਜ਼ਾਂ ਵੀ ਦਿੱਤੀਆਂ ਜਾਣਗੀਆਂ" ਮੱਤੀ 6:33।

## ਵਰਤਮਾਨ ਸਮੇਂ ਵਿੱਚ ਮਸੀਹ ਦਾ ਆਦੇਸ਼:

ਯਿਸੂ ਨੇ ਆਖਿਆ, "ਜਾਓ ਅਰ ਸੁਸਮਾਚਾਰ ਦਾ ਪ੍ਰਚਾਰ ਕਰੋ"। ਇਹ ਇੱਕ ਅਜਿਹਾ ਆਦੇਸ਼ ਹੈ ਜੋ ਸਭ ਮਸੀਹੀਆਂ ਲਈ ਹੈ। ਇਸ ਲਈ ਸੰਤ ਪੌਲੁਸ ਲਿਖਦਾ ਹੈ, "...ਮੈਂ ਖੁਸ਼ਖਬਰੀ ਦਾ ਪ੍ਰਚਾਰ ਕਰਦਾ ਹਾਂ...ਮੇਰੇ ਉੱਤੇ ਹਮਸੋਸ ਜੇਕਰ ਮੈਂ ਖੁਸ਼ਖਬਰੀ ਨਾ ਸੁਣਾਵਾਂ" 1 ਕੁਰਿੰਥੀਆਂ 9:19।

ਸੁਸਮਾਚਾਰ ਪ੍ਰਚਾਰ ਕਰਨ ਦਾ ਮਹੱਤਵ ਅੱਜ ਦੇ ਸਮੇਂ ਵਿੱਚ ਪਿਛਲੇ ਸਭ ਸਮਿਆਂ ਤੋਂ ਵਧਕੇ ਹੈ। ਅਸੀਂ ਜਿੱਥੇ ਵੀ ਜਾਈਏ ਲੋਕ ਨਿਰਾਸ਼ਾ, ਧੋਖੇ, ਜ਼ਖ਼ਮਾਂ, ਪਾਪ, ਅਸ਼ਾਂਤੀ, ਦਰਸ਼ਨ ਅਤੇ ਮਾਰਗ ਦਰਸ਼ਨ ਦੇ ਅਭਾਵ ਨਾਲ ਜੂਝ ਰਹੇ ਹਨ। ਸੰਸਾਰ ਸੁਸਮਾਚਾਰ ਲਈ ਤਰਸ ਰਿਹਾ ਹੈ।

ਮੈਨੂੰ ਇੱਕ ਘਟਨਾ ਦੀ ਯਾਦ ਆਉਂਦੀ ਹੈ ਜਿਹੜੀ ਮੈਂ ਆਪਣੇ ਬਚਪਨ ਵਿੱਚ ਵੇਖੀ ਸੀ। ਇੱਕ ਦਿਨ ਜਦੋਂ ਮੈਂ ਸਕੂਲ ਤੋਂ ਘਰ ਆ ਰਿਹਾ ਸੀ ਤਾਂ ਮੈਂ ਵੇਖਿਆ ਕਿ ਇੱਕ ਕਾਂ ਰਾਹ ਵਿੱਚ ਬੈਠਾ ਕੁੱਝ ਖਾ ਰਿਹਾ

(ਚਲਦਾ ਸਫਾ 6 ਤੇ)

## ਸਮਾਚਾਰ:

ਮਨੀਪੁਰ: ਮਨੀਪੁਰ ਦੇ ਕਾਕਚਿੰਗ ਇਲਾਕੇ ਵਿੱਚ 25 ਅਪ੍ਰੈਲ ਨੂੰ ਇੱਕ ਮਸੀਹੀ ਸਕੂਲ ਨੂੰ ਜਲਾ ਦਿੱਤਾ ਗਿਆ ਕਿਉਂਕਿ ਕੁਝ ਦਿਨ ਪਹਿਲਾਂ ਅਧਿਕਾਰੀਆਂ ਵੱਲੋਂ 6 ਵਿਦਿਆਰਥੀਆਂ ਨੂੰ ਗਲਤ ਆਚਰਣ ਕਰਕੇ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ। ਸੇਂਟ ਜੋਜ਼ਫ਼ ਹਾਇਰ ਸੈਕੰਡਰੀ ਸਕੂਲ ਦੀ 35 ਲੱਖ ($50,000) ਦੀ ਸੰਪਤੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਪ੍ਰਿੰਸੀਪਲ ਨੇ ਦੋਸ਼ ਲਗਾਇਆ ਕਿ ਉਨ੍ਹਾਂ ਕੱਢੇ ਗਏ ਵਿਦਿਆਰਥੀਆਂ ਨੇ ਸਥਾਨਕ ਇਲਾਕੇ ਦੇ ਵਿਦਿਆਰਥੀ ਸਮੂੰਹ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਸਕੂਲ ਵਿੱਚ ਲਗਭਗ 1400 ਵਿਦਿਆਰਥੀ ਪੜ੍ਹਦੇ ਹਨ– ANI/HT

*Forerunner (June 2019)*

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

ECHO OF HIS CALL MINISTRIES SINCE 1969

## GREAT COMMISSION PARTNERS -ਮਹਾਨ ਉਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

ਪ੍ਰਾਰਥਨਾ ਅਤੇ ਤਾਰੀਫ ਦੇ ਮੁੱਦੇ

## 19 ਸਤੰਬਰ 2019 ਤੋਂ 18 ਅਕਤੂਬਰ 2019 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!

### ਵਡਿਆਈ ਦੇ ਮੁੱਦੇ

19 ਸਤੰਬਰ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੀ ਸਮੁੱਚੀ ਟੀਮ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

20 ਸਤੰਬਰ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਸਹਾਇਕਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

21 ਸਤੰਬਰ: ਸਾਡੇ ਮੁੱਖ ਚਰਚ ਵਿੱਚ ਹਰ ਐਤਵਾਰ ਸਵੇਰੇ 5:30 ਤੋਂ ਸ਼ਾਮ 8:00 ਵਜੇ ਤੱਕ 5 ਭਾਸ਼ਾਵਾਂ ਵਿੱਚ ਚੱਲਣ ਵਾਲੀਆਂ 7 ਸਭਾਵਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

22 ਸਤੰਬਰ: ਹਰੇਕ ਐਤਵਾਰ ਵੇਲਾਚੇਰੀ ਚਰਚ ਵਿੱਚ 2 ਭਾਸ਼ਾਵਾਂ ਵਿੱਚ ਹੋਣ ਵਾਲੀਆਂ ਸਭਾਵਾਂ ਲਈ ਪ੍ਰਮੇਸ਼ਵਰ ਦੀ ਮਹਿਮਾ ਕਰੀਏ।

23 ਸਤੰਬਰ: ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਛਪਣ ਵਾਲੇ ਸੁਸਮਾਚਾਰ ਲਿਟ੍ਰੇਚਰ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਣ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

24 ਸਤੰਬਰ: ਸਾਡੇ ਮੁੱਖ ਚਰਚ ਅਤੇ ਹੋਰ ਚਰਚਾਂ ਵਿੱਚ ਚੱਲ ਰਹੀ ਬੱਚਿਆਂ ਦੀ ਸੇਵਕਾਈ ਲਈ ਪ੍ਰਮੇਸ਼ਵਰ ਦਾ ਸ਼ੁਕਰ ਕਰੀਏ।

25 ਸਤੰਬਰ: ਪ੍ਰਮੇਸ਼ਵਰ ਦਾ ਧੰਨਵਾਦ ਕਰੀਏ ਕਿ ਉਸਨੇ ਸੁਸਮਾਚਾਰ ਲੈ ਕੇ ਅਪਹੁੰਚ ਇਲਾਕਿਆਂ ਵਿੱਚ ਪਹੁੰਚਣ ਵਿੱਚ ਸਾਡੀ ਮਦਦ ਕੀਤੀ।

26 ਸਤੰਬਰ: ਸਾਡੇ ਚਰਚ ਦੀ ਏਲਡਰ ਕਾਉਂਸਲ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

27 ਸਤੰਬਰ: ਸਾਡੇ ਚਰਚ ਦੀ ਭਾਈਆਂ ਅਤੇ ਭੈਣਾਂ ਦੀ ਸੇਵਕਾਈ ਨੂੰ ਬਰਕਤ ਦੇਣ ਲਈ ਪ੍ਰਮੇਸ਼ਵਰ ਦਾ ਸ਼ੁਕਰ ਕਰੀਏ।

28 ਸਤੰਬਰ: ਸਾਡੇ ਨਹਮਯਾਹ ਬਾਈਬਲ ਕਾਲਜਾਂ ਵਿੱਚ ਤਜ਼ਰਬੇਕਾਰ ਲੈਕਚਰਰ ਦੇਣ ਲਈ ਪ੍ਰਮੇਸ਼ਵਰ ਦਾ ਧੰਨਵਾਦ।

29 ਸਤੰਬਰ: ਮਿਸ਼ਨ ਖੇਤਰਾਂ ਵਿੱਚ ਕੰਮ ਕਰ ਰਹੇ ਸਾਡੇ ਕਾਮਿਆਂ ਅਰ ਉਨ੍ਹਾਂ ਦੇ ਕੰਮਾਂ ਦੀ ਰਖਵਾਲੀ ਕਰਨ ਲਈ ਪ੍ਰਮੇਸ਼ਵਰ ਦਾ ਸ਼ੁਕਰ ਕਰੀਏ।

30 ਸਤੰਬਰ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਮਹਾਂ-ਆਦੇਸ਼ ਸਹਿਭਾਗੀਆਂ, ਸਬਸਕ੍ਰਾਈਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

01 ਅਕਤੂਬਰ: ਪਿਛਲੇ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਗਤੀਵਿਧੀਆਂ ਨੂੰ ਬਰਕਤ ਦੇਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

02 ਅਕਤੂਬਰ: ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖਣ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

03 ਅਕਤੂਬਰ: ਸਾਡੇ ਚਰਚ ਪਾਸਟਰਾਂ ਅਤੇ ਉਨ੍ਹਾਂ ਦੇ ਸਮਰਪਿਤ ਕਰਮਚਾਰੀਆਂ ਨੂੰ ਅਸੀਸ ਦੇਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

### ਪ੍ਰਾਰਥਨਾ ਦੇ ਮੁੱਦੇ

04 ਅਕਤੂਬਰ: ਨਹਮਯਾਹ ਬਾਈਬਲ ਕਾਲਜਾਂ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਪ੍ਰਾਰਥਨਾ ਕਰੀਏ।

05 ਅਕਤੂਬਰ: ਇਸ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਜ਼ਰੂਰਤਾਂ ਦੀ ਪੂਰਤੀ ਲਈ ਪ੍ਰਾਰਥਨਾ ਕਰੀਏ।

06 ਅਕਤੂਬਰ: ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਹੋਰ ਵਾਧੇ ਲਈ ਪ੍ਰਾਰਥਨਾ ਕਰੀਏ।

07 ਅਕਤੂਬਰ: ਸਾਡੇ ਸੁਸਮਾਚਾਰ ਛਾਪੇਖਾਨੇ ਦੇ ਸਟਾਫ਼ ਦੀ ਬਰਕਤ ਲਈ ਪ੍ਰਾਰਥਨਾ ਕਰੀਏ।

08 ਅਕਤੂਬਰ: ਨਹਮਯਾਹ ਬੇਸਿਲ ਬਾਈਬਲ ਕੋਰੈਸਪੌਂਡੈਂਸ ਅਤੇ ਅਡਵਾਂਸ ਥਿਆਲੋਜਿਕਲ ਕੋਰੈਸਪੌਂਡੈਂਸ ਕੋਰਸਾਂ ਲਈ ਪ੍ਰਾਰਥਨਾ ਕਰੀਏ।

09 ਅਕਤੂਬਰ: ਅਸੀਂ ਸਾਡੇ ਉਨ੍ਹਾਂ ਸਭ ਮਿੱਤਰਾਂ ਅਤੇ ਸ਼ੁੱਭਚਿੰਤਕਾਂ ਲਈ ਪ੍ਰਾਰਥਨਾ ਕਰੀਏ ਜੋ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਪ੍ਰਾਰਥਨਾ ਅਤੇ ਸਹਾਇਤਾ ਕਰਦੇ ਹਨ।

10 ਅਕਤੂਬਰ: ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਦੇ ਅਪਹੁੰਚ ਇਲਾਕਿਆਂ ਤੱਕ ਸੁਸਮਾਚਾਰ ਪੁਚਾਉਣ ਦੇ ਦਰਸ਼ਨ ਲਈ ਪ੍ਰਾਰਥਨਾ ਕਰੀਏ।

11 ਅਕਤੂਬਰ: ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਦੇ ਵਿਸ਼ਵਾਸੀਆਂ ਲਈ ਪ੍ਰਾਰਥਨਾ ਕਰੀਏ।

12 ਅਕਤੂਬਰ: ਸੰਸਾਰ ਭਰ ਦੇ ਪ੍ਰਧਾਨ ਮੰਤਰੀਆਂ ਅਤੇ ਰਾਸ਼ਟਰਪਤੀਆਂ ਲਈ ਪ੍ਰਾਰਥਨਾ ਕਰੀਏ।

13 ਅਕਤੂਬਰ: ਕਲੀਸਿਆਵਾਂ ਵਿੱਚ ਏਕਤਾ ਆਉਣ ਲਈ ਪ੍ਰਾਰਥਨਾ ਕਰੀਏ।

14 ਅਕਤੂਬਰ: ਸੰਸਾਰ ਦੇ ਜਵਾਨ ਬੱਚਿਆਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰੀਏ।

15 ਅਕਤੂਬਰ: ਉੱਤਰੀ ਭਾਰਤ ਦੇ ਸਭ ਮਿਸ਼ਨਰੀਆਂ ਲਈ ਪ੍ਰਾਰਥਨਾ ਕਰੀਏ।

16 ਅਕਤੂਬਰ: ਸੰਸਾਰ ਦੇ ਸਭ ਰਾਜਨੀਤਕਾਂ ਲਈ ਪ੍ਰਾਰਥਨਾ ਕਰੀਏ।

17 ਅਕਤੂਬਰ: ਭਾਰਤ ਦੇ ਪੰਜਾਬ ਰਾਜ ਲਈ ਪ੍ਰਾਰਥਨਾ ਕਰੀਏ।

18 ਅਕਤੂਬਰ: ਬੁਲਾਵੇ ਦੀ ਗੂੰਜ ਲਈ ਹੋਰ ਸਮਰਪਿਤ ਕਾਮਿਆਂ ਨੂੰ ਖੜੇ ਕਰਨ ਲਈ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰੀਏ।

ਸੀ। ਪਰੰਤੂ ਕੁੱਝ ਸਮੇਂ ਬਾਦ ਉਹ ਇਸ ਤਰਾਂ ਕਾਂ-ਕਾਂ ਕਰਨ ਲੱਗਾ ਜਿਵੇਂ ਉਹ ਆਪਣੇ ਸਾਥੀਆਂ ਨੂੰ ਬੁਲਾ ਰਿਹਾ ਹੋਵੇ ਕਿ ਉਹ ਵੀ ਆ ਕੇ ਉਸਦੇ ਨਾਲ ਉਸ ਭੋਜਨ ਨੂੰ ਖਾਣ। ਮੈਂ ਇਸ ਸੱਚਾਈ ਨੂੰ ਜਾਣਿਆ ਕਿ ਇਹ ਪੰਛੀ ਆਪਣੇ ਸਾਥੀਆਂ ਨਾਲ ਕਿੰਨਾ ਪਿਆਰ ਕਰਦਾ ਹੈ। ਜੋ ਧਿਆਨ ਦੇਣ ਵਾਲੀ ਗੱਲ ਹੈ ਉਹ ਹੈ ਪਿਆਰ।

ਯਿਸੂ ਨੇ ਕਿਹਾ ਕਿ ਪਿਆਰ ਹੀ ਮੁਢਲਾ ਹੁਕਮ ਹੈ; ਅਤੇ ਦੂਸਰਾ ਹੈ "ਤੂੰ ਆਪਣੇ ਗਵਾਂਢੀ ਨੂੰ ਆਪਣੇ ਜਿਹਾ ਪਿਆਰ ਕਰ, ਇਨ੍ਹਾਂ ਤੋਂ ਵੱਡੀ ਹੋਰ ਕੋਈ ਆਗਿਆ ਨਹੀਂ" ਮਰਕੁਸ 12:31। ਯਿਸੂ ਸ਼ਾਇਦ ਇਹ ਆਖਣਾ ਚਾਹੁੰਦੇ ਹਨ ਕਿ ਜੇਕਰ ਅਸੀਂ ਪ੍ਰਮੇਸ਼ਵਰ ਨੂੰ ਸੱਚਾ ਪਿਆਰ ਕਰਦੇ ਹਾਂ ਤਾਂ ਉਹ ਆਪਣੇ ਆਪ ਹੀ ਗਵਾਂਢੀ ਨਾਲ ਸਾਡੇ ਪਿਆਰ ਵਿੱਚ ਵਿਖਾਈ ਦੇਵੇਗਾ।ਗਵਾਂਢੀ ਨੂੰ ਪਿਆਰ ਕੀਤੇ ਬਿਨਾਂ ਅਸੀਂ ਪ੍ਰਮੇਸ਼ਵਰ ਨੂੰ ਨਹੀਂ ਆਖ ਸਕਦੇ ਕਿ ਅਸੀਂ ਉਸ ਨਾਲ ਪਿਆਰ ਕਰਦੇ ਹਾਂ। ਯਿਸੂ ਇਹ ਆਖ ਕੇ ਢੋਂਗੀਆਂ ਨੂੰ ਸੁਚੇਤ ਕਰਦੇ ਹਨ ਕਿ, "ਤੁਸੀਂ ਉਸ ਪ੍ਰਮੇਸ਼ਵਰ ਨੂੰ ਕਿਵੇਂ ਪਿਆਰ ਕਰ ਸਕਦੇ ਹੋ ਜਿਸਨੂੰ ਤੁਸੀਂ ਵੇਖਦੇ ਵੀ ਨਹੀਂ ਜਦੋਂ ਕਿ ਤੁਸੀਂ ਉਸ ਭਰਾ ਨੂੰ ਪਿਆਰ ਹੀ ਨਹੀਂ ਕਰਦੇ ਜਿਸਨੂੰ ਵੇਖਦੇ ਹੋ?" ਪ੍ਰਮੇਸ਼ਵਰ ਦਾ ਪਿਆਰ ਸਾਡੇ ਹਿਰਦਿਆਂ ਅਰ ਮਨਾਂ ਉੱਪਰ ਰਾਜ ਕਰੇ। ਉਸ ਕਾਂ ਵਾਂਗ ਅਸੀਂ ਵੀ ਪਿਆਰ ਨਾਲ ਨਾਲ ਲੋਕਾਂ ਨੂੰ ਬੁਲਾਈਏ ਕਿ ਉਹ ਵੀ ਪ੍ਰਮੇਸ਼ਵਰ ਦੀ ਸੇਵਾ ਕਰਨ ਲਈ ਆਉਣ।

### ਸਾਰਾਂਸ਼:

ਯਿਸੂ ਮਸੀਹ, ਇਸ ਸੰਸਾਰ ਦੇ ਮੁਕਤੀਦਾਤੇ ਨੇ ਸਾਨੂੰ ਸੁਸਮਾਚਾਰ ਸੁਣਾਉਣ ਦੇ ਮੁਬਾਰਕ ਕੰਮ ਨੂੰ ਕਰਨ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ 4 ਅਰਬ ਤੋਂ ਵੀ ਵੱਧ ਲੋਕਾਂ ਬਾਰੇ ਸੋਚ ਕੇ ਸਾਡਾ ਦਿਲ ਪਿਘਲਨਾ ਚਾਹੀਦਾ ਹੈ ਜਿਨ੍ਹਾਂ ਨੂੰ ਯਿਸੂ ਦੀ ਲੋੜ ਹੈ। ਭਾਰਤ ਵਿੱਚ ਹੀ 94 ਕਰੋੜ ਲੋਕ ਪ੍ਰਭੂ ਤੋਂ ਅਨਜਾਣ ਹਨ। ਜਾਓ ਅਰ ਸੁਸਮਾਚਾਰ ਸੁਣਾਓ। ਕੀ ਤੁਸੀਂ ਸੁਸਮਾਚਾਰ ਪ੍ਰਚਾਰ ਨਹੀਂ ਕਰ ਸਕਦੇ? ਚੇਤੇ ਕਰੋ ਕਿ ਪ੍ਰਭੂ ਨੇ ਤੁਹਾਡੇ ਲਈ, ਤੁਹਾਡੇ ਮਿੱਤਰਾਂ, ਭੈਣਾਂ, ਭਰਾਵਾਂ, ਮਾਪਿਆਂ, ਸਹਿਕਰਮੀਆਂ ਆਦਿ ਲਈ ਕੀ ਕੀਤਾ ਹੈ। ਉਸਨੇ ਕਿੰਨੇ ਮੌਕੇ ਤੁਹਾਨੂੰ ਦਿੱਤੇ ਹਨ? ਕਿੰਨੀ ਵਾਰ ਤੁਸੀਂ ਪ੍ਰਮੇਸ਼ਵਰ ਦੇ ਆਤਮਾ ਦੀ ਉਸ ਅਵਾਜ਼ ਨੂੰ ਅਣਸੁਣਿਆਂ ਕੀਤਾ ਜਿਸਨੇ ਤੁਹਾਨੂੰ ਕਿਸੇ ਨੂੰ ਪ੍ਰਮੇਸ਼ਵਰ ਦਾ ਕਲਾਮ ਸੁਣਾਉਣ ਲਈ ਉਭਾਰਿਆ ਸੀ?

ਇਹ ਤੁਹਾਡਾ ਸਮਾਂ ਹੈ, ਜੇਕਰ ਤੁਸੀਂ ਇਸਨੂੰ ਗੁਆ ਲਿਆ ਤਾਂ ਤੁਸੀਂ ਅਨੰਤ ਪਰਮ-ਆਨੰਦ ਤੋਂ ਵੀ ਵਾਂਝੇ ਰਹਿ ਸਕਦੇ ਹੋ। ਬਲੇਸ ਪਾਸਕਲ ਨਾਮਕ ਇੱਕ ਮਸ਼ਹੂਰ ਵਿਗਿਆਨੀ ਦੀ ਮੁਲਾਕਾਤ ਇੱਕ ਵਾਰ ਇੱਕ ਸੁਸਮਾਚਾਰਕ ਨਾਲ ਹੋਈ। ਜਦੋਂ ਪਾਸਕਲ ਦੁਨਿਆਵੀ ਉਪਲੱਬਦੀਆਂ ਦੇ ਸ਼ਿਖ਼ਰ ਤੇ ਸੀ ਉਸਨੇ ਪ੍ਰਭੂ ਨੂੰ ਗ੍ਰਹਿਣ ਕੀਤਾ। ਉਸ ਸਮੇਂ ਤੋਂ ਹੀ ਉਸਨੇ ਆਪਣੇ ਸਾਥੀ ਵਿਗਿਆਨੀਆਂ, ਮਿੱਤਰਾਂ ਅਰ ਸਹਿਕਰਮੀਆਂ ਨੂੰ ਅਦਭੁੱਤ ਜਜ਼ਬੇ ਨਾਲ ਸੁਸਮਾਚਾਰ ਸੁਣਾਉਣਾ ਸ਼ੁਰੂ ਕਰ ਦਿੱਤਾ। ਉਹ ਜਿਆਦਾ ਲੰਬੇ ਸਮੇਂ ਤੱਕ ਜਿੰਦਾ ਨਹੀਂ ਰਿਹਾ; ਆਪਣੀ ਜਵਾਨੀ ਵਿੱਚ ਹੀ ਉਹ ਪ੍ਰਭੂ ਵਿੱਚ ਸੌਂ ਗਿਆ। ਪਰ ਉਹ ਇਹ ਆਖ ਸਕਿਆ, "ਮੈਂ ਅੱਛੀ ਲੜਾਈ ਲੜ ਚੁੱਕਾ ਹਾਂ, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ" 2 ਤਿਮੋਥਿਉਸ 4:7।

ਅਸੀਂ ਲੰਬੀ ਉਮਰ ਦੀ ਉਮੀਦ ਨਹੀਂ ਕਰਦੇ। ਪਰੰਤੂ ਸਾਨੂੰ ਆਸ ਹੈ ਕਿ ਜੇਕਰ ਅਸੀਂ ਇਹ ਜੀਵਨ ਆਪਣੇ ਪ੍ਰਭੂ ਪ੍ਰਮੇਸ਼ਵਰ ਦੇ ਲੇਖੇ ਲਗਾ ਦਿੱਤਾ ਤਾਂ ਅਸੀਂ ਅਨੰਤਕਾਲ ਲਈ ਅਵਿਨਾਸ਼ੀ ਜੀਵਨ ਜੀਵਾਂਗੇ। ਆਓ ਅਸੀਂ ਪ੍ਰਮੇਸ਼ਵਰ ਦੇ ਆਦੇਸ਼ ਦੀ ਪਾਲਣਾ ਕਰਨ ਦਾ ਯਤਨ ਕਰੀਏ। ਬਾਈਬਲ ਆਖਦੀ ਹੈ, "ਪ੍ਰਮੇਸ਼ਵਰ ਆਪਣੇ ਉਨ੍ਹਾਂ ਦਾਸਾਂ ਨਾਲ ਜਿਹੜੇ ਉਸਦੇ ਅੱਗੇ ਪੂਰੇ ਦਿਲ ਨਾਲ ਚੱਲਦੇ ਹਨ, ਨੇਮ ਅਤੇ ਕਿਰਪਾ ਕਾਇਮ ਰੱਖਦਾ ਹੈ" 1 ਰਾਜਾ 8:23। ਇੱਥੇ ਚੱਲਣ ਦਾ ਅਰਥ ਹੈ ਉਸਦੇ ਸਭ ਆਦੇਸ਼ਾਂ ਅਤੇ ਹੁਕਮਾਂ ਨੂੰ ਮੰਨਦੇ ਅਰ ਪੂਰਾ ਕਰਦੇ ਹਨ। ਪ੍ਰਾਰਥਨਾ ਨਾਲ ਸੁਸਮਾਚਾਰੀਕਰਨ ਦਾ ਕੰਮ ਕਰੋ।


# NEHEMIAH BIBLE COLLEGES

**ECHO OF HIS CALL MINISTRIES** (ESTD.: 1969)

**Affiliated to Hindustan Bible Institute & College (HBI), Chennai**

**&**

**Recognised by the International Christian Leaders & Senior Pastors for the 50 Years!**

Golden Opportunity!

Don't miss!!

God is Calling you!!!

**RESIDENTIAL COLLEGE, Velachery**
**(Medium: English & Hindi)**
Course : Diploma in Theology,
Qualification : 10th Standard
Period : One year (with field and administrative trainings)

**EVENING COLLEGE, Chepauk & Santhoshapuram**
**(Medium : Tamil)**
Course : Diploma in Theology
*Monday, Tuesday & Thursday 6.30 PM to 8.30 PM*
(Evening Classes - Chepauk)
Qualification : 10th Standard
Period : One year (with special Seminars on holidays)

**Pastor S. Sam Selva Raj, Founder-President**

**For more details & application forms please contact :**

NEHEMIAH BIBLE COLLEGES

10, Mohammed Abdullah 2nd Street, Bells Road, Opp. Cricket Stadium, Chepauk, Chennai - 600 005, India.

**Phone : (+91-44) 2852 8282, 2852 9293, 2854 7766, Cell No : (+91) 98410 71852, 95661 31858**

**E.mail : sam@echoofhiscall.org / biblecor@yahoo.co.in Websites : www.echoofhiscall.org / www.echoofhiscall.com**

# ਮਸੀਹੀ ਜੀਵਨ ਜੀਣ ਲਈ ਕੁੱਝ ਮਹੱਤਵਪੂਰਨ ਨਿਰਦੇਸ਼

ਜਦੋਂ ਇੱਕ ਵਿਅਕਤੀ ਕਿਸੇ ਵੀ ਵਪਾਰ ਨੂੰ ਸ਼ੁਰੂ ਕਰਦਾ ਹੈ ਤਾਂ ਉਹ ਉਸ ਵਿੱਚ ਸਫ਼ਲ ਹੋਣ ਲਈ ਉਹ ਸਭ ਕੁੱਝ ਸਿੱਖਦਾ ਹੈ ਜੋ ਉਹ ਸਿੱਖ ਸਕਦਾ ਹੈ। ਬਹੁਤ ਸਾਰੇ ਮਸੀਹੀ ਕਦੇ ਵੀ ਜੀਵਨ ਦੇ ਨਿਯਮਾਂ ਨੂੰ ਸਿੱਖਣ ਵੱਲ ਧਿਆਨ ਨਹੀਂ ਕਰਦੇ। ਇਸਨੂੰ ਵੇਖਦੇ ਹੋਏ ਯਿਸੂ ਨੇ ਆਖਿਆ, "ਇਸ ਯੁੱਗ ਦੇ ਪੁੱਤਰ ਆਪਣੀ ਪੀਹੜੀ ਵਿੱਚ ਚਾਨਣ ਦੇ ਪੁੱਤਰਾਂ ਨਾਲੋਂ ਚਾਤਰ ਹਨ" ਲੂਕਾ 16:8। ਇਸਦਾ ਅਰਥ ਹੈ ਕਿ ਸੰਸਾਰਕ ਲੋਕਾਂ ਅੰਦਰ ਇਸ ਦੁਨੀਆਂ ਦੇ ਕੰਮਾਂ ਲਈ ਪ੍ਰਮੇਸ਼ਵਰ ਦੀ ਸੰਤਾਨ ਤੋਂ ਵੱਧ ਸਮਝ ਅਰ ਬੁੱਧ ਹੈ। ਬੇਸ਼ੱਕ, ਆਉਣ ਵਾਲੇ ਸੰਸਾਰ ਬਾਰੇ ਇੱਕ ਗਰੀਬ ਤੋਂ ਗਰੀਬ ਮਸੀਹੀ ਵੀ ਇਸ ਸੰਸਾਰ ਦੇ ਸਭ ਤੋਂ ਵੱਡੇ ਗਿਆਨੀ ਨਾਲੋਂ ਵੱਧ ਸਮਝ ਰੱਖਦਾ ਹੈ।

ਯਿਸੂ ਨੇ ਕਿਹਾ ਕਿ ਜਦੋਂ ਇੱਕ ਮਨੁੱਖ ਘਰ ਬਣਾਉਂਦਾ ਹੈ ਤਾਂ ਪਹਿਲਾਂ ਉਸਦੀ ਕੀਮਤ ਦਾ ਹਿਸਾਬ ਲਗਾਉਂਦਾ ਹੈ ਕਿ ਉਸ ਕੋਲ ਕੰ ਪੂਰਾ ਕਰਨ ਲਈ ਧਨ ਹੈ ਜਾਂ ਨਹੀਂ। ਮਸੀਹੀਆਂ ਨੂੰ ਆਪਣੇ ਹਰ ਕੰਮ ਵਿੱਚ ਚੰਗੇ ਪ੍ਰਬੰਧਕ ਵਾਲੀ ਸਮਝ ਰੱਖਣੀ ਚਾਹੀਦੀ ਹੈ।

"ਤੁਹਾਡੇ ਵਿੱਚੋਂ ਕੌਣ ਹੈ ਜਿਹ ਦੀ ਬੁਰਜ ਬਣਾਉਣ ਦੀ ਦਲੀਲ ਹੋਵੇ ਤਾਂ ਪਹਿਲਾਂ ਬੈਠ ਕੇ ਖ਼ਰਚ ਦਾ ਲੇਖਾ ਨਾ ਕਰੇ ਭਈ ਮੇਰੇ ਕੋਲ ਉਹ ਦੇ ਪੂਰਾ ਕਰਨ ਜੋਗਾ ਹੈ ਕਿ ਨਹੀਂ? ਕਿਤੇ ਐਉਂ ਨਾ ਹੋਵੇ ਕਿ ਜਾਂ ਉਸਨੇ ਨੀਂਹ ਰੱਖੀ ਅਤੇ ਪੂਰਾ ਨਾ ਕਰ ਸਕਿਆ ਤਾਂ ਸਭ ਵੇਖਣ ਵਾਲੇ ਇਹ ਕਹਿ ਕੇ ਉਸ ਉੱਤੇ ਹੱਸਣ ਲੱਗ ਪੈਣ ਕਿ ਇਹ ਮਨੁੱਖ ਮਕਾਨ ਬਣਾਉਣ ਲੱਗਾ ਪਰ ਪੂਰਾ ਨਾ ਕਰ ਸਕਿਆ" (ਲੂਕਾ 14:28-30)।

## ਨਿਰੰਤਰ ਪ੍ਰਾਰਥਨਾ ਦਾ ਜੀਵਨ ਸ਼ੁਰੂ ਕਰੋ

ਜੇਕਰ ਕੋਈ ਵਿਅਕਤੀ ਇੱਕ ਸਫ਼ਲ ਮਸੀਹੀ ਬਣਨਾ ਚਾਹੁੰਦਾ ਹੈ ਤਾਂ ਉਸਨੂੰ ਜ਼ਰੂਰ ਉਨ੍ਹਾਂ ਸਾਧਨਾਂ ਦਾ ਇਸਤੇਮਾਲ ਕਰਨਾ ਪਵੇਗਾ ਜਿਹੜੇ ਪ੍ਰਮੇਸ਼ਵਰ ਨੇ ਸਫ਼ਲ ਹੋਣ ਲਈ ਮੁਹੱਈਆ ਕੀਤੇ ਹਨ। ਉਦਾਹਰਨ ਵੱਜੋਂ, ਪਹਿਲਾ ਕੰਮ ਜੋ ਉਸਨੇ ਕਰਨਾ ਹੈ ਉਹ ਹੈ ਨਿਰੰਤਰ ਪ੍ਰਾਰਥਨਾ ਦਾ ਜੀਵਨ ਸ਼ੁਰੂ ਕਰਨਾ। ਇਸ ਬਾਰੇ ਕੁਝ ਜਿਆਦਾ ਦੱਸਣ ਦੀ ਲੋੜ ਨਹੀਂ। ਰੋਜ਼ਾਨਾ ਪ੍ਰਾਰਥਨਾ ਕਰਨ ਵਾਲੇ ਦੇ ਜੀਵਨ ਦੀਆਂ ਪ੍ਰਾਪਤੀਆਂ ਵੇਖ ਕੇ ਅਚੰਭਾ ਹੁੰਦਾ ਹੈ। ਪ੍ਰਾਰਥਨਾ ਉਹ ਸਾਧਨ ਹੈ ਜਿਸ ਰਾਹੀਂ ਪਾਸੋਂ ਕੁੱਝ ਹਾਸਲ ਕੀਤਾ ਜਾਂਦਾ ਹੈ। ਇੱਥੇ ਇੱਕ ਵਾਅਦਾ ਹੈ ਜਿਹੜਾ ਯਿਸੂ ਨੇ ਕੀਤਾ:

"ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ; ਢੂੰਡੋ ਤਾਂ ਤੁਹਾਨੂੰ ਲੱਭੇਗਾ; ਖੜਕਾਓ ਤਾਂ ਤੁਹਾਡੇ ਲਈ ਖੋਲਿਆ ਜਾਵੇਗਾ: ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ; ਅਤੇ ਢੂੰਡਣ ਵਾਲੇ ਨੂੰ ਲੱਭ ਜਾਂਦਾ ਹੈ; ਅਤੇ ਹਰੇਕ ਖੜਕਾਉਣ ਵਾਲੇ ਲਈ ਖੋਲਿਆ ਜਾਂਦਾ ਹੈ" (ਮੱਤੀ 7:7-8)।

ਨਿਹਚਾ ਦੀ ਸਮਰੱਥ ਵੱਲ ਜ਼ਰਾ ਧਿਆਨ ਕਰੋ ਜਿਸ ਬਾਰੇ ਯਿਸੂ ਨੇ ਮਰਕੁਸ 11:22-24 ਵਿੱਚ ਦੱਸਿਆ ਹੈ।

"ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ "ਪ੍ਰਮੇਸ਼ਵਰ ਉੱਤੇ ਨਿਹਚਾ ਰੱਖੋ। ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ। ਇਸ ਕਰਕੇ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁੱਝ ਤੁਸੀਂ ਪ੍ਰਾਰਥਨਾ ਕਰਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ"।

ਮੇਰੀ ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਸਲਾਹ ਹੈ ਕਿ ਪ੍ਰਾਰਥਨਾ ਨੂੰ ਆਪਣੀ ਰੋਜਾਨਾ ਦੀ ਆਦਤ ਬਣਾ ਲਓ। ਹਰ ਰੋਜ਼ ਆਪਣੇ ਜੀਵਨ ਦਾ ਹਰੇਕ ਜਰੂਰੀ ਮੁੱਦਾ ਪ੍ਰਭੂ ਅੱਗੇ ਲੈ ਕੇ ਜਾਓ- ਤੁਹਾਡੀਆਂ ਰੋਜ਼ਾਨਾਂ ਦੀਆਂ ਗਤੀਵਿਧੀਆਂ, ਤੁਹਾਡੇ ਵਿੱਤ, ਤੁਹਾਡੀਆਂ ਪਰੇਸ਼ਾਨੀਆਂ, ਤੁਹਾਡੇ ਪਰਿਵਾਰ, ਤੁਹਾਡੇ ਕੰਮ, ਤੁਹਾਡੀਆਂ ਉਮੀਦਾਂ, ਤੁਹਾਡਾ ਭਵਿੱਖ। ਜੇਕਰ ਤੁਸੀਂ ਇਮਾਨਦਾਰੀ ਨਾਲ ਰੋਜ਼ਾਨਾ ਅਜਿਹਾ ਕਰੋਗੇ ਤਾਂ ਤੁਸੀਂ ਪ੍ਰਮੇਸ਼ਵਰ ਦੀ ਯੋਜਨਾ ਨੂੰ ਜੋ ਤੁਹਾਡੇ ਲਈ ਹੈ ਪੂਰਾ ਹੁੰਦਿਆਂ ਵੇਖੋਗੇ। ਚੇਤੇ ਰੱਖੋ: ਪ੍ਰਮੇਸ਼ਵਰ ਕੋਲ ਹਰੇਕ ਜੀਵਨ ਲਈ ਵਿਸ਼ੇਸ਼ ਯੋਜਨਾ ਹੈ। ਇਹ ਉਹ ਜੀਵਨ ਲਈ ਸਰਵੋਤਮ ਯੋਜਨਾ ਹੁੰਦੀ ਹੈ। ਇਹ ਸ਼ਾਇਦ ਤੁਹਾਡੇ ਲਈ ਸੇਵਕਾਈ ਵਿੱਚ ਮਿਸ਼ਨਰੀ ਹੋਣ ਦੀ ਬੁਲਾਹਟ ਹੋਵੇਗੀ ਜਾਂ ਫਿਰ ਕਲੀਸਿਆ ਵਿੱਚ ਇੱਕ ਯੋਗ ਕਰਮਚਾਰੀ ਹੋਣ ਦੀ। ਜਾਂ ਫਿਰ ਤੁਸੀਂ ਇੱਕ ਬਿਜ਼ਨਸਮੈਨ ਜਾਂ ਗ੍ਰਹਿਣੀ ਹੋਣ ਲਈ ਬੁਲਾਏ ਗਏ ਹੋਵੋਗੇ।ਪ੍ਰਮੇਸ਼ਵਰ ਕੋਲ ਤੁਹਾਡੇ ਲਈ ਇੱਕ ਉੱਤਮ ਯੋਜਨਾ ਹੈ ਪਰੰਤੂ ਤੁਸੀਂ ਪ੍ਰਾਰਥਨਾ ਨਾਲ ਇਸ ਵਿੱਚ ਦਾਖਲ ਹੋ ਸਕਦੇ ਹੋ। ਦੁੱਖ ਦੀ ਗੱਲ ਹੈ ਕਿ ਬਹੁਤ ਸਾਰੇ ਮਸੀਹੀ ਪ੍ਰਮੇਸ਼ਵਰ ਦੇ ਉੱਤਮ ਨੂੰ ਗੁਆ ਲੈਂਦੇ ਹਨ। ਬਹੁਤੀ ਵਾਰ ਵਿਆਹ ਸ਼ਾਦੀਆਂ ਵਿੱਚ ਇਹ ਗੱਲ ਹੁੰਦੀ ਹੈ। ਜੇਕਰ ਇੱਕ ਵਿਅਕਤੀ ਇਮਾਨਦਾਰੀ ਨਾਲ ਪ੍ਰਾਰਥਨਾ ਨਹੀਂ ਕਰਦਾ ਤਾਂ ਉਹ ਗਲਤ ਸਾਥੀ ਨਾਲ ਵਿਆਹ ਕਰ ਸਕਦਾ ਹੈ ਅਰ ਨਤੀਜੇ ਵੱਜੋਂ ਉਸਦਾ ਪੂਰਾ ਜੀਵਨ ਬੁਰੀ ਤਰਾਂ ਪ੍ਰਭਾਵਿਤ ਹੋ ਸਕਦਾ ਹੈ। ਜੀਵਨ ਸਾਥੀ ਚੁਣਨ ਵਿੱਚ ਅਨੁਮਾਨ ਨਹੀਂ ਚੱਲਦਾ। ਆਰੰਭਕ ਕਲੀਸਿਆ ਵਾਂਗ ਨਿਰੰਤਰ ਪ੍ਰਾਰਥਨਾ ਵਿੱਚ ਲੱਗੇ ਰਹੋ (ਰਸੂਲਾਂ ਦੇ ਕਰਤੱਬ 3:1)। ਇਸ ਤਰਾਂ ਤੁਸੀਂ ਬਹੁਤ ਸਾਰੀਆਂ ਗਲਤੀਆਂ ਤੋਂ ਖੁਦ ਨੂੰ ਬਚਾ ਸਕੋਗੇ।

ਨਾਲ ਹੀ ਇਹ ਮਸੀਹੀ ਦੂਸਰਿਆਂ ਲਈ, ਉਨ੍ਹਾਂ ਦੀਆਂ ਪਰੇਸ਼ਾਨੀਆਂ ਅਰ ਲੋੜਾਂ ਲਈ ਵੀ ਪ੍ਰਾਰਥਨਾ ਕਰ ਸਕਦਾ ਹੈ। ਇਹ ਵਿਚੋਲਗੀ ਦੀ ਸੇਵਕਾਈ ਹੈ। ਕਿਸੇ ਲਈ ਪ੍ਰਾਰਥਨਾ ਕਰਨ ਤੋਂ ਵਧੀਕ ਕੋਈ ਬੁਲਾਹਟ ਨਹੀਂ ਅਤੇ ਇਹ ਬੁਲਾਹਟ ਸਭਨਾਂ ਉੱਪਰ ਹੈ। ਇਹ ਤੁਹਾਡੇ ਲਈ ਵੀ ਹੈ! ਤੁਸੀਂ ਵਿਚੋਲਗੀ ਦੀ ਪ੍ਰਾਰਥਨਾ ਦੀ ਸਮਰੱਥ ਜਾਣ ਲਓ ਜੋ ਕਿ ਹਿਜ਼ਕੀਏਲ 22:30-31 ਵਿੱਚ ਦਰਜ ਹੈ।

"ਮੈਂ ਉਨ੍ਹਾਂ ਵਿੱਚ ਭਾਲ ਕੀਤੀ ਕਿ ਕੋਈ ਅਜਿਹਾ ਆਦਮੀ ਲੱਭੇ ਜੋ ਕੰਧ ਬਣਾਵੇ ਅਤੇ ਉਸ ਧਰਤੀ ਦੇ ਲਈ ਉਸਦੇ ਝਰਨੇ ਵਿੱਚ ਮੇਰੇ ਮੂਹਰੇ ਖਲੋਵੇ ਤਾਂ ਜੋ ਮੈਂ ਉਹ ਨੂੰ ਨਾ ਉਜਾੜਾਂ ਪਰ ਕੋਈ ਨਾ ਲੱਭਿਆ। ਇਸ ਲਈ ਮੈਂ ਆਪਣਾ ਕਹਿਰ ਉਨ੍ਹਾਂ ਉੱਤੇ ਵਹਾਇਆ ਅਤੇ ਆਪਣੇ ਕ੍ਰੋਧ ਦੀ ਅੱਗ ਨਾਲ ਉਨ੍ਹਾਂ ਨੂੰ ਮੁਕਾ ਦਿੱਤਾ ਅਤੇ ਮੈਂ ਉਨ੍ਹਾਂ ਦੀ ਕਰਨੀ ਨੂੰ ਉਨ੍ਹਾਂ ਦੇ ਸਿਰ ਦਿੱਤਾ, ਪ੍ਰਭੂ ਯਹੋਵਾਹ ਦਾ ਵਾਕ ਹੈ"।

ਦੂਜੇ ਸ਼ਬਦਾਂ ਵਿੱਚ, ਪ੍ਰਮੇਸ਼ਵਰ ਆਖ ਰਿਹਾ ਹੈ ਕਿ ਉਹ ਇੱਕ ਅਜਿਹੇ ਮਨੁੱਖ ਨੂੰ ਢੂੰਡਦਾ ਹੈ ਜੋ ਲੋਕਾਂ ਲਈ ਪ੍ਰਾਰਥਨਾ ਕਰੇ ਕਿ ਉਹ ਉਸ ਵੱਲ ਮੁੜ ਆਉਣ। ਪਰੰਤੂ ਕਿਉਂਕਿ ਉਸਨੂੰ ਅਜਿਹਾ ਕੋਈ ਨਹੀਂ ਮਿਲਿਆ ਇਸ ਕਰਕੇ ਉਸਨੇ ਉਨਾਂ ਨੂੰ ਸਜ਼ਾ ਦਿੱਤੀ ਅਤੇ ਉਨ੍ਹਾਂ ਦੀ ਦੁਸ਼ਟਤਾ ਕਾਰਨ ਉਨ੍ਹਾਂ ਦੀ ਧਰਤੀ ਦਾ ਨਾਸ ਕੀਤਾ।

## ਰੋਜਾਨਾ ਬਾਈਬਲ ਪੜ੍ਹੋ

ਬਾਈਬਲ ਨੂੰ ਸਹੀ ਢੰਗ ਨਾਲ ਸਮਝਣ ਲਈ ਤੁਹਾਨੂੰ ਬਾਈਬਲ ਨੂੰ ਇਸ ਸੋਚ ਨਾਲ ਪੜ੍ਹਨਾ ਚਾਹੀਦਾ ਹੈ ਕਿ ਪ੍ਰਮੇਸ਼ਵਰ ਆਪਣੇ ਵਚਨ ਦੇ ਰਾਹੀਂ ਤੁਹਾਡੇ ਨਾਲ ਗੱਲ ਕਰ ਰਿਹਾ ਹੈ। ਜਦੋਂ ਤੁਹਾਨੂੰ ਸਾਮਝ ਆਉਂਦੀ ਹੈ ਕਿ ਇਸ ਪੁਸਤਕ ਦਾ ਲੇਖਕ ਤੁਹਾਡਾ ਸਵਰਗੀ ਪਿਤਾ ਹੈ ਤਾਂ ਤੁਹਾਨੂੰ ਉਸ ਦੁਆਰਾ ਅਦਭੁੱਤ ਉਤਸ਼ਾਹ ਅਰ ਸਮਝ ਮਿਲੇਗੀ।

ਇਹ ਗੱਲ ਮੰਨਣਯੋਗ ਹੈ ਕਿ ਬਾਈਬਲ ਦੀਆਂ ਕੁੱਝ ਕਿਤਾਬਾਂ ਨੂੰ ਸਮਝਣਾ ਥੋੜਾ ਕਠਿਨ ਹੈ। ਬਾਈਬਲ ਦੋ ਭਾਗਾਂ-ਪੁਰਾਣਾ ਨੇਮ ਅਤੇ ਨਵਾਂ ਨੇਮ ਵਿੱਚ ਵੰਡੀ ਹੋਈ ਹੈ। ਪੁਰਾਣਾ ਨੇਮ ਯਿਸੂ ਮਸੀਹ ਦੇ ਜਨਮ ਤੋਂ ਪਹਿਲਾਂ ਲਿਖਿਆ ਗਿਆ। ਇਹ ਦੱਸਦਾ ਹੈ ਕਿ ਪ੍ਰਮੇਸ਼ਵਰ ਸਦੀਆਂ ਤੋਂ ਮਨੁੱਖ ਨਾਲ ਕਿਵੇਂ ਵਰਤਦਾ ਆਇਆ ਹੈ ਅਤੇ ਨਾਲ ਹੀ ਇਹ ਪ੍ਰਮੇਸ਼ਵਰ ਦੇ ਪੁੱਤਰ ਪ੍ਰਭੂ ਯਿਸੂ ਮਸੀਹ ਦੇ ਜਨਮ, ਮੌਤ ਅਤੇ ਮਨੁੱਖ ਦੇ ਛੁਟਕਾਰੇ ਦੇ ਬਾਰੇ ਵੀ ਪਹਿਲਾਂ ਤੋਂ ਦੱਸਦਾ ਹੈ।

ਨਵਾਂ ਨੇਮ ਯਿਸੂ ਮਸੀਹ ਦੇ ਧਰਤੀ ਉੱਪਰ ਦੇ ਜੀਵਨ ਕਾਲ, ਮੌਤ ਅਤੇ ਜੀਅ ਉੱਠਣ ਤੋਂ ਬਾਦ ਲਿਖਿਆ ਗਿਆ। ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ (ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ) ਜਿਨ੍ਹਾਂ ਨੂੰ ਸੁਸਮਾਚਾਰ ਵੀ ਆਖਿਆ ਜਾਂਦਾ ਹੈ ਮਸੀਹ ਦੇ ਜੀਵਨ ਅਰ ਧਰਤੀ ਉੱਪਰ ਉਸਦੇ ਉਦੇਸ਼ ਬਾਰੇ ਦੱਸਦੀਆਂ ਹਨ। ਹਰੇਕ ਮਸੀਹੀ ਨੂੰ ਇਨ੍ਹਾਂ ਕਿਤਾਬਾਂ ਨਾਲ ਸ਼ੁਰੂ ਕਰਨਾ ਚਾਹੀਦਾ ਹੈ। ਅਗਲੀ ਕਿਤਾਬ ਰਸੂਲਾਂ ਦੇ ਕਰਤੱਬ ਇਹ ਦੱਸਦੀ ਹੈ ਕਿ ਮਸੀਹ ਦੇ ਸਵਰਗ-ਆਰੋਹਣ ਤੋਂ ਬਾਦ ਉਸਦੇ ਚੇਲਿਆਂ ਅਰ ਅਨੁਯਾਈਆਂ ਨੇ ਕਿਵੇਂ ਮਸੀਹ ਦੇ ਕੰਮ ਨੂੰ ਅੱਗੇ ਵਧਾਇਆ ਅਤੇ ਕਲੀਸਿਆ ਦੀ ਸਥਾਪਨਾ ਕੀਤੀ। ਇਹ ਕਿਤਾਬ ਅੱਜ ਦੀ ਕਲੀਸਿਆ ਦਾ ਸਵਰੂਪ ਵੀ ਬਿਆਨ ਕਰਦੀ ਹੈ। ਨਵੇਂ ਨੇਮ ਦਾ ਬਾਕੀ ਬਹੁਤਾ ਭਾਗ ਪੌਲੁਸ ਰਸੂਲ ਨੇ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਅਲੱਗ ਅਲੱਗ ਥ਼ਾਵਾਂ ਅਤੇ ਦੇਸ਼ਾਂ ਵਿੱਚ ਰਹਿੰਦੇ ਮਸੀਹੀਆਂ ਲਈ ਲਿਖਿਆ- ਉਸਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਲਈ ਉਵੇਂ ਹੀ ਮਹੱਤਵਪੂਰਨ ਹਨ ਜਿਵੇਂ ਆਰੰਭਕ ਕਲੀਸਿਆ ਲਈ ਸਨ।

ਨਵੇਂ ਨੇਮ ਨੂੰ ਸ਼ੁਰੂ ਤੋਂ ਅਖ਼ੀਰ ਤੱਕ ਬਿਨਾਂ ਕੋਈ ਅਧਿਆਏ ਛੱਡੇ ਪੜ੍ਹੋ। ਨਵਾਂ ਨੇਮ ਤੁਹਾਡੇ ਮਸੀਹੀ ਜੀਵਨ ਲਈ ਤੁਹਾਡਾ ਮਾਰਗ-ਦਰਸ਼ਕ ਹੈ।

ਨਵਾਂ ਨੇਮ ਪੂਰਾ ਪੜ੍ਹਨ ਤੋਂ ਬਾਦ ਤੁਸੀਂ ਪੁਰਾਣਾ ਨੇਮ ਸ਼ੁਰੂ ਕਰ ਸਕਦੇ ਹੋ। ਇਸ ਵਿੱਚ ਤੁਸੀਂ ਉਨ੍ਹਾਂ ਪੁਰਖਾਂ ਅਰ ਇਸਤਰੀਆਂ ਬਾਰੇ ਪੜ੍ਹੋਗੇ ਜਿਨ੍ਹਾਂ ਪ੍ਰਮੇਸ਼ਵਰ ਦੀ ਸੇਵਾ ਕੀਤੀ ਅਰ ਜਿਨ੍ਹਾਂ ਨਹੀਂ ਕੀਤੀ ਅਤੇ ਪ੍ਰਮੇਸ਼ਵਰ ਉਨ੍ਹਾਂ ਨਾਲ ਕਿਵੇਂ ਨਜਿੱਠਿਆ।ਪ੍ਰਮੇਸ਼ਵਰ ਨੂੰ ਆਖੋ ਕਿ ਉਹ ਤੁਹਾਡੇ ਉੱਪਰ ਕਲਾਮ ਦਾ ਪ੍ਰਕਾਸ਼ ਖੋਲੇ ਤਾਂ ਕਿ ਤੁਸੀਂ ਸਮਝ ਸਕੋ ਕਿ ਪੁਰਾਣਾ ਨੇਮ ਤੁਹਾਨੂੰ ਕੀ ਸਿੱਖਿਆ ਦੇਣੀ ਚਾਹੁੰਦਾ ਹੈ। ਨਵਾਂ ਨੇਮ ਵਿਸ਼ੇਸ਼ ਤੌਰ ਤੇ ਸਾਡੇ ਵਿਸ਼ਵਾਸੀਆਂ ਲਈ ਹੀ ਲਿਖਿਆ ਗਿਆ ਇਸ ਲਈ ਉਸ ਵਿੱਚੋਂ ਤੁਹਾਨੂੰ ਵੱਡੀ ਸਹਾਇਤਾ ਮਿਲੇਗੀ। ਮਸੀਹੀਆਂ ਲਈ ਇਹ ਚੰਗਾ ਹੈ ਕਿ ਉਹ ਘੱਟੋ-ਘੱਟ 3 ਅਧਿਆਏ ਰੋਜ਼ ਪੜ੍ਹਨ। ਆਪਣੇ ਪਾਸਟਰ ਨੂੰ ਆਖੋ ਕਿ ਕਲਾਮ ਨੂੰ ਸਮਝਣ ਲਈ ਉਹ ਅਧਿਐਨ ਗਰੁੱਪ ਸ਼ੁਰੂ ਕਰਨ। ਇਹ ਸਭ ਲਈ ਬਹੁਤ ਮੁਬਾਰਕ ਅਨੁਭਵ ਹੋਵੇਗਾ। ਜੇਕਰ ਫਿਰ ਵੀ ਪ੍ਰਮੇਸ਼ਵਰ ਦੀ ਇੱਛਾ ਜਾਨਣ ਵਿੱਚ ਤੁਹਾਨੂੰ ਮੁਸ਼ਕਿਲ ਪੇਸ਼ ਆ ਰਹੀ ਹੈ ਤਾਂ ਪਵਿੱਤਰ ਆਤਮਾ ਤੋਂ ਅਗਵਾਈ ਮੰਗੋ।

## ਪ੍ਰਮੇਸ਼ਵਰ ਨੂੰ ਦੇਣ ਵਿੱਚ ਵਫ਼ਾਦਾਰ ਰਹੋ

ਬਾਈਬਲ ਯਾਕੂਬ ਬਾਰੇ ਸਾਨੂੰ ਦੱਸਦੀ ਹੈ ਜਿਸਦੇ ਅੰਦਰ ਕੁੱਝ ਬੁਰੀਆਂ ਆਦਤਾਂ ਸਨ। ਉਸਦੀ ਬੁਰਿਆਈ ਵਧਦੀ ਹੀ ਗਈ ਜਦੋਂ ਤੱਕ ਕਿ ਪ੍ਰਮੇਸ਼ਵਰ ਉਸਦੇ ਜੀਵਨ ਵਿੱਚ ਨਹੀਂ ਆਇਆ। ਇੱਕ ਵਾਰ ਧੋਖੇਬਾਜੀ ਕਰਨ ਤੋਂ ਬਾਦ ਜਦੋਂ ਉਹ ਭਾਰੀ ਮੁਸ਼ਕਿਲ ਵਿੱਚ ਪਿਆ ਤਾਂ ਉਸਨੂੰ ਆਪਣੇ ਘਰੋਂ ਦੌੜਨਾ ਪਿਆ। ਪਰੰਤੂ ਉਸ ਦਿਨ ਪ੍ਰਮੇਸ਼ਵਰ ਨੇ ਉਸਨੂੰ ਸਵਰਗ ਦਾ ਦਰਸ਼ਨ ਦਿਖਾਇਆ। ਦਰਸ਼ਨ ਨੇ ਉਸਦੀ ਜ਼ਿੰਦਗੀ ਬਦਲ ਦਿੱਤੀ ਅਰ ਉਸਨੇ ਉਸੇ ਵੇਲੇ ਇੱਕ ਸੁੱਕਣਾ ਸੁੱਖੀ ਕਿ ਉਹ ਸਭ ਚੀਜ਼ਾਂ ਦਾ ਜੋ ਪ੍ਰਮੇਸ਼ਵਰ ਉਸਨੂੰ ਦੇਵੇਗਾ ਦਸਵੰਧ (ਦਸਵਾਂ ਹਿੱਸਾ) ਦੇਣ ਵਿੱਚ ਵਫ਼ਾਦਾਰ ਰਹੇਗਾ।

"ਯਾਕੂਬ ਨੇ ਇਹ ਆਖ ਕੇ ਸੁੱਖਣਾ ਸੁੱਖੀ ਕਿ ਜੇ ਯਹੋਵਾਹ ਪ੍ਰਮੇਸ਼ਵਰ ਮੇਰੇ ਅੰਗ ਸੰਗ ਹੋਵੇ ਅਰ ਇਸ ਮਾਰਗ ਵਿੱਚ ਜਿਸ ਵਿੱਚ ਮੈਂ ਤੁਰਿਆ ਜਾਂਦਾ ਹਾਂ ਮੇਰੀ ਰਾਖੀ ਕਰੇ ਅਰ ਖਾਣ ਨੂੰ ਰੋਟੀ ਅਰ ਪਾਉਣ ਨੂੰ ਬਸਤਰ ਮੈਨੂੰ ਦੇਵੇ ਅਤੇ ਮੈਂ ਸ਼ਾਂਤੀ ਨਾਲ ਆਪਣੇ ਪਿਤਾ ਦੇ ਘਰ ਨੂੰ ਮੁੜਾਂ ਤਾਂ ਯਹੋਵਾਹ ਮੇਰਾ ਪ੍ਰਮੇਸ਼ਵਰ ਹੋਵੇਗਾ ਅਤੇ ਇਹ ਪੱਥਰ ਜਿਸਨੂੰ ਮੈਂ ਥੰਮ੍ਹ ਖੜ੍ਹਾ ਕੀਤਾ ਪ੍ਰਮੇਸ਼ਵਰ ਦਾ ਘਰ ਹੋਵੇਗਾ ਅਰ ਸਾਰੀਆਂ ਚੀਜ਼ਾਂ ਦਾ ਜੋ ਤੂੰ ਮੈਨੂੰ ਦੇਵੇਂਗਾ ਮੈਂ ਜ਼ਰੂਰ ਤੈਨੂੰ ਦਸਵੰਧ ਦਿਆਂਗਾ" (ਉਤਪਤ 28:20-22)।

ਇਹ ਦੁੱਖ ਦੀ ਗੱਲ ਹੈ ਕਿ ਖੁਦ ਨੂੰ ਮਸੀਹੀ ਆਖਣ ਵਾਲੇ ਕਈ ਮਸੀਹੀ ਇਨੇਂ ਲਾਲਚੀ ਹਨ ਕਿ ਉਹ ਦਸਵੰਧ ਹੀ ਨਹੀਂ ਦਿੰਦੇ।ਪ੍ਰਮੇਸ਼ਵਰ ਉਨ੍ਹਾਂ ਨੂੰ ਚੋਰ ਅਰ ਠੱਗ ਆਖਦਾ ਹੈ। ਉਹ ਮਨੁੱਖ ਨੂੰ ਨਹੀਂ ਪਰ ਪ੍ਰਮੇਸ਼ਵਰ ਨੂੰ ਠੱਗਦੇ ਹਨ।

"ਕੀ ਕੋਈ ਆਦਮੀ ਪ੍ਰਮੇਸ਼ਵਰ ਨੂੰ ਠੱਗੇਗਾ? ਪਰ ਤੁਸਾਂ ਮੈਨੂੰ ਠੱਗ ਲਿਆ ਅਤੇ ਤੁਸੀਂ ਆਖਦੇ ਹੋ, ਕਿਹੜੀ ਗੱਲ ਵਿੱਚ ਅਸੀਂ ਤੈਨੂੰ ਠੱਗ ਲਿਆ? ਦਸਵੰਧਾਂ ਅਤੇ ਭੇਟਾਂ ਵਿੱਚ; ਤੁਸੀਂ ਸਰਾਪੀਆਂ ਦੇ ਸਰਾਪੀ ਹੋਏ। ਤੁਸੀਂ ਮੈਨੂੰ ਠੱਗਦੇ ਹੋ ਸਗੋਂ ਸਾਰੀ ਕੌਮ ਵੀ। ਸਾਰੇ ਦਸਵੰਧ ਮੇਰੇ ਮੋਦੀਖਾਨੇ ਵਿੱਚ ਲਿਆਓ ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉਸੇ ਨਾਲ ਮੈਨੂੰ ਜ਼ਰਾ ਪਰਤਾਓ, ਸੈਨਾ ਦਾ ਯਹੋਵਾਹ ਆਖਦਾ ਹੈ ਕਿ ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ ਬਰਕਤ ਵਰ੍ਹਾਵਾਂ, ਏਥੋਂ ਤੀਕ ਕਿ ਉਹ ਦੇ ਲਈ ਥਾਂ ਨਾ ਹੋਵੇਗਾ" (ਮਲਾਕੀ 3:8-10)।

ਦੂਸਰੇ ਪਾਸੇ ਪ੍ਰਮੇਸ਼ਵਰ ਨੇ ਉਨ੍ਹਾਂ ਭੰਡਾਰੀਆਂ ਉੱਤੇ ਵਿਸ਼ੇਸ਼ ਬਰਕਤਾਂ ਵਹਾਉਣ ਦਾ ਵਾਅਦਾ ਕੀਤਾ ਹੈ ਜੋ ਉਸਨੂੰ ਭੇਟਾਂ ਦੇਣ ਵਿੱਚ ਵਫ਼ਾਦਾਰ ਹਨ। ਦਸਵੰਧ, ਪ੍ਰਮੇਸ਼ਵਰ ਨੂੰ ਉਸ ਵੱਲੋਂ ਸਾਨੂੰ ਦਿੱਤੇ ਗਏ ਕੁੱਲ ਮਾਲ-ਧਨ ਦਾ ਦਸਵਾਂ ਭਾਗ ਦੇਣਾ ਹੈ। ਜੋ ਕੁੱਝ ਵੀ ਸਾਡੇ ਕੋਲ ਹੈ ਉਹ ਪ੍ਰਮੇਸ਼ਵਰ ਵੱਲੋਂ ਹੀ ਮਿਲਿਆ ਹੈ। ਉਹ ਉਸ ਸਭ ਵਿੱਚੋਂ ਕੇਵਲ ਦਸਵਾਂ ਹਿੱਸਾ ਹੀ ਉਸਨੂੰ ਦੇਣ ਲਈ ਆਖਦਾ ਹੈ।

ਪ੍ਰਮੇਸ਼ਵਰ ਦੇ ਕੰਮ ਲਈ ਸਹਾਇਤਾ ਕਰਨਾ ਪਹਿਲੇ ਸਥਾਨ ਤੇ ਹੋਣਾ ਚਾਹੀਦਾ ਹੈ। ਜਦੋਂ ਵੀ ਤੁਹਾਨੂੰ ਤੁਹਾਡੀ ਨੌਕਰੀ ਜਾਂ ਵਪਾਰ ਤੋਂ ਪੈਸਾ ਮਿਲੇ, ਪ੍ਰਮੇਸ਼ਵਰ ਚਾਹੁੰਦਾ ਹੈ ਕਿ ਤੁਸੀਂ ਉਸ ਵਿੱਚੋਂ ਪਹਿਲਾਂ ਦਸਵੰਧ ਪ੍ਰਭੂ ਨੂੰ ਦਿਓ।

ਸੰਸਾਰ ਭਰ ਵਿੱਚ ਚੱਲ ਰਹੇ ਪ੍ਰਮੇਸ਼ਵਰ ਦੇ ਕੰਮ ਪ੍ਰਤੀ ਜ਼ਿੰਮੇਵਾਰੀ ਤੋਂ ਅੱਖਾਂ ਨਾ ਫੇਰੋ। ਜੋ ਲੋਕ ਮਸੀਹ ਨੂੰ ਨਹੀਂ ਜਾਣਦੇ ਉਨ੍ਹਾਂ ਸਭਨਾਂ ਲਈ ਅਸੀਂ ਜ਼ਿੰਮੇਵਾਰ ਹਾਂ। ਮਸੀਹ ਨੇ ਕਿਹਾ, "ਸਮੁੱਚੇ ਸੰਸਾਰ ਵਿੱਚ ਜਾਓ ਅਰ ਖੁੱਲ ਕੇ ਸੁਸਮਾਚਾਰ ਸਭ ਲੋਕਾਂ ਨੂੰ ਸੁਣਾਓ..." ਸ਼ਾਇਦ ਪ੍ਰਮੇਸ਼ਵਰ ਨੇ ਤੁਹਾਨੂੰ ਇੱਕ ਸੇਵਕ ਜਾਂ ਮਿਸ਼ਨਰੀ ਹੋਣ ਲਈ ਬੁਲਾਇਆ ਹੋਵੇਗਾ। ਜੇਕਰ ਅਜਿਹਾ ਨਹੀਂ ਹੈ ਤਾਂ ਤੁਹਾਡੇ ਉੱਤੇ ਇਹ ਜ਼ਿੰਮੇਵਾਰੀ ਹੈ ਕਿ ਤੁਸੀਂ ਕਿਸੇ ਹੋਰ ਵਿਅਕਤੀ ਦੀ ਮਦਦ ਕਰੋ ਜੋ ਸੁਸਮਾਚਾਰ ਨੂੰ ਲੈ ਕੇ ਜਾਵੇ।

ਭਲਾ ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

**"ਪ੍ਰਮੇਸ਼ਵਰ ਮੁਹੱਈਆ ਕਰੇਗਾ..." (ਉਤਪਤ 22:8)**

**"ਯਹੋਵਾਹ ਮੁਹੱਈਆ ਕਰੇਗਾ..." (ਉਤਪਤ 22:14)**

ਚੇਨੰਈ, ਮਦਰਾਸ ਸ਼ਹਿਰ ਵਿੱਚ ਮੁੱਖ ਚਰਚ ਦੀ ਸਥਾਪਨਾ ਕਰਨ ਦੇ ਸਮੇਂ ਤੋਂ ਹੀ ਮੈਨੂੰ ਉਨ੍ਹਾਂ ਲੋਕਾਂ ਵੱਲੋਂ ਬਹੁਤ ਸਾਰੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਜੋ ਪ੍ਰਮੇਸ਼ਵਰ ਦੀ ਸਮਰੱਥ ਅਤੇ ਉਸਦੇ ਸੇਵਕਾਂ ਦੀ ਤਾਕਤ ਨੂੰ ਨਹੀਂ ਜਾਣਦੇ ਸਨ। ਕਿਉਂਕਿ ਮੈਂ ਅਤੇ ਮੇਰਾ ਪਰਿਵਾਰ ਹੀ ਉਸ ਇਲਾਕੇ ਵਿੱਚ ਮਸੀਹੀ ਸੀ ਇਸ ਕਰਕੇ ਸਾਨੂੰ ਲੋਕਾਂ ਵੱਲੋਂ ਬਹੁਤ ਸਤਾਓ ਅਤੇ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਸਾਨੂੰ ਆਪਣੀ ਇਮਾਰਤ ਦੇ ਬਾਹਰ ਆਪਣੀਆਂ ਗੱਡੀਆਂ ਖੜੀਆਂ ਕਰਨ ਦੀ ਵੀ ਅਨੁਮਤੀ ਨਹੀਂ ਸੀ ਜਦੋਂ ਕਿ ਬਾਕੀ ਸਭ ਲੋਕ ਗੱਡੀਆਂ ਖੜੀਆਂ ਕਰਦੇ ਸਨ।

ਸਾਡੇ ਨਾਲ ਵਾਲਾ ਘਰ ਬਹੁਤ ਪੁਰਾਣਾ ਸੀ ਅਤੇ ਅੰਦਰੋਂ ਅਰ ਬਾਹਰੋਂ ਬਹੁਤ ਖਸਤਾ ਹਾਲਤ ਸੀ। ਕੰਧਾਂ ਵਿਚਲੇ ਪਾਣੀ ਅਤੇ ਡ੍ਰੇਨੇਜ ਪਾਈਪਾਂ ਦੇ ਟੁੱਟਣ ਕਰਕੇ ਕੰਧਾਂ ਅਤੇ ਛੱਤ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ।

ਇੱਕ ਵਾਰ ਉਸ ਘਰ ਦਾ ਮਾਲਿਕ ਬਹੁਤ ਸਾਰੀਆਂ ਝੂਠੀਆਂ ਸ਼ਿਕਾਇਤਾਂ ਲੈ ਕੇ ਮੇਰੇ ਕੋਲ ਆਇਆ ਅਰ ਬੋਲਿਆ ਕਿ ਸਾਡੀ ਇਮਾਰਤ ਵਿੱਚੋਂ ਪਾਣੀ ਲੀਕ ਹੋਣ ਦੇ ਕਰਕੇ ਉਸਦੀ ਇਮਾਰਤ ਕਈ ਜਗ੍ਹਾ ਤੋਂ ਚੋਅ ਰਹੀ ਹੈ ਅਤੇ ਥਾਂ ਥਾਂ ਦਰਾਰਾਂ ਪਈਆਂ ਹੋਈਆਂ ਹਨ। ਬਹੁਤ ਸਾਰੇ ਲੋਕ ਇਕੱਠੇ ਹੋ ਕੇ ਰੌਲਾ ਪਾਉਣ ਲੱਗੇ ਅਤੇ ਗਵਾਂਢੀਆਂ ਨਾਲ ਮਿਲ ਕੇ ਮੇਰੇ ਕੋਲੋਂ ਉਸ ਇਮਾਰਤ ਦੀ ਮੁਰੰਮਤ ਕਰਾਉਣ ਅਤੇ ਉਸਨੂੰ ਰੰਗ ਰੋਗਨ ਕਰਾਉਣ ਲਈ ਭਾਰੀ ਰਾਸ਼ੀ ਮੰਗਣ ਲੱਗੇ। ਪਰ ਮੇਰੇ ਕੋਲ ਇੰਨੀ ਵੱਡੀ ਧਨ ਰਾਸ਼ੀ ਨਹੀਂ ਸੀ। ਕੁੱਝ ਲੋਕ ਸਾਡੇ ਨਾਲ ਵੀ ਅੱਗੇ ਆਏ ਅਤੇ ਆਖਣ ਲੱਗੇ ਕਿ ਉਸ ਵਿਅਕਤੀ ਦੀ ਮੰਗ ਜਾਇਜ਼ ਨਹੀਂ ਸੀ। ਪਰੰਤੂ ਉਨ੍ਹਾਂ ਨੇ ਸਾਡੀ ਗੱਲ ਨਾ ਮੰਨੀ ਅਰ ਆਖਣ ਲੱਗੇ ਕਿ ਉਹ ਐਤਵਾਰ ਦੀਆਂ ਸਭਾਵਾਂ ਵਿੱਚ ਰੌਲਾ-ਰੱਪਾ ਪਾਉਣਗੇ ਅਤੇ ਗੜਬੜੀ ਮਚਾਉਣਗੇ। ਪਰੰਤੂ ਫਿਰ ਵੀ ਸਾਡੇ ਚਰਚ ਮੈਂਬਰਾਂ ਨੇ ਉਨ੍ਹਾਂ ਦੀ ਮੰਗ ਨਾ ਮੰਨੀ।

ਮੈਂ ਆਪਣੇ ਪ੍ਰਾਰਥਨਾ ਦੇ ਕਮਰੇ ਵਿੱਚ ਗਿਆ ਅਤੇ ਪ੍ਰਾਰਥਨਾ ਕੀਤੀ ਕਿ ਪ੍ਰਮੇਸ਼ਵਰ ਆਪਣੇ ਦੂਤਾਂ ਨੂੰ ਘੱਲੇ ਅਰ ਉਨ੍ਹਾਂ ਲੋਕਾਂ ਦਾ ਨਿਆਂ ਕਰੇ ਜੋ ਉਸਦੀ ਕਲੀਸਿਆ ਨੂੰ ਨੁਕਸਾਨ ਪੁਚਾਉਣਾ ਚਾਹੁੰਦੇ ਸਨ।

ਜਦੋਂ ਮੈਂ ਪ੍ਰਾਰਥਨਾ ਕੀਤੀ ਤਾਂ ਪ੍ਰਮੇਸ਼ਵਰ ਨੇ ਮੇਰੇ ਨਾਲ ਗੱਲ ਕੀਤੀ। ਪ੍ਰਮੇਸ਼ਵਰ ਨੇ ਮੈਨੂੰ ਮੇਰੇ ਆਰੰਭਕ ਦਿਨਾਂ ਦੇ ਪਾਸਟਰ ਜੀ. ਸੁੰਦਰਾਮ ਦੀ ਸਿੱਖਿਆ ਯਾਦ ਦਿਲਾਈ, "ਭਾਵੇਂ ਹੋਰ ਲੋਕ ਕਰਨ...ਪਰ ਅਸੀਂ ਨਹੀਂ..." ਪ੍ਰਮੇਸ਼ਵਰ ਨੇ ਮੈਨੂੰ ਆਖਿਆ ਕਿ ਗਵਾਂਢੀ ਦੀ ਮੰਗ ਅਨੁਸਾਰ ਮੈਂ ਉਸਦੇ ਘਰ ਦੀ ਮੁਰੰਮਤ ਕਰਵਾ ਕੇ ਦੇਵਾਂ। ਅਤੇ ਪ੍ਰਮੇਸ਼ਵਰ ਨੇ ਮੈਨੂੰ ਇਹ ਵੀ ਆਖਿਆ ਕਿ ਜੇ ਮੈਂ ਉਸਦੀ ਆਗਿਆ ਮੰਨਾਂਗਾ ਤਾਂ ਉਹ ਇੱਕ ਦਿਨ ਉਸ ਪੂਰੀ ਇਮਾਰਤ ਨੂੰ ਖਰੀਦਣ ਵਿੱਚ ਮੇਰੀ ਮਦਦ ਕਰੇਗਾ। ਪ੍ਰਮੇਸ਼ਵਰ ਦੀ ਆਗਿਆ ਅਨੁਸਾਰ ਮੈਂ ਸਾਰੀ ਮੁਰੰਮਤ ਕਰਵਾਈ ਅਤੇ ਗਵਾਂਢੀ ਨੂੰ ਸੰਤੁਸ਼ਟ ਕਰਾਇਆ। ਕਿਉਂਕਿ ਇਹ ਮੇਰੇ ਉੱਤੇ ਬਹੁਤ ਵੱਡਾ ਆਰਥਿਕ ਬੋਝ ਸੀ, ਮੈਂ ਬਹੁਤ ਪਰੇਸ਼ਾਨ ਹੋ ਗਿਆ।ਪਰੰਤੂ ਪ੍ਰਮੇਸ਼ਵਰ ਨੇ ਇਹ ਗੱਲ ਸਮਝਣ ਵਿੱਚ ਮੇਰੀ ਮਦਦ ਕੀਤੀ ਕਿ ਕਿ ਉਹ ਮੁਹੱਈਆ ਕਰੇਗਾ।

ਛੇ ਮਹੀਨੇ ਬਾਦ, ਪ੍ਰਮੇਸ਼ਵਰ ਨੇ ਉਸ ਇਮਾਰਤ ਨੂੰ ਉਸ ਸਾਰੇ ਸਮਾਨ ਸਮੇਤ ਜੋ ਮੈਂ ਉੱਥੇ ਲਗਾਇਆ ਸੀ ਖ਼ਰੀਦਣ ਵਿੱਚ ਮੇਰੀ ਮਦਦ ਕੀਤੀ। ਜਿਵੇਂ ਹੀ ਅਸੀਂ ਨਾਲ ਵਾਲੀ ਇਮਾਰਤ ਖਰੀਦੀ ਪ੍ਰਮੇਸ਼ਵਰ ਨੇ ਮੇਰੀ ਮਦਦ ਕੀਤੀ ਕਿ ਅਸੀਂ ਉਸ ਇਮਾਰਤ ਨੂੰ ਸਾਡੀ ਪਹਿਲਾਂ ਵਾਲੀ ਇਮਾਰਤ ਨਾਲ ਮਿਲਾ ਸਕੀਏ ਜਿਸ ਨਾਲ ਸਾਡੀ ਇਮਾਰਤ ਦਾ ਆਕਾਰ ਪਹਿਲਾਂ ਨਾਲੋਂ ਦੁੱਗਣਾ ਹੋ ਗਿਆ।

ਸਾਡਾ ਪ੍ਰਮੇਸ਼ਵਰ ਕਿੰਨਾ ਮਹਾਨ ਹੈ!
ਅਸੀਂ ਕਿੰਨੇ ਮੁਬਾਰਕ ਹਾਂ!!


## Echo of His Call Postal Courses

ਪੱਤਰ ਵਿਵਹਾਰ ਰਾਹੀਂ ਬਾਈਬਲ ਕੋਰਸ)

### 1. BIBLECOR/ਬਾਈਬਲਕੋਰ

ਅਸੀਂ ਬਾਈਬਲ ਦੀਆਂ ਮੂਲ ਸੱਚਾਈਆਂ ਤੇ ਪੱਤਰ ਵਿਹਾਰ ਰਹੀ ਇਕ ਕੋਰਸ ਪ੍ਰਤਾਵਿਤ ਕਰ ਰਹੇ ਹਾਂ।ਹਿੰਦੀ ਅੰਗਰੇਜੀ ਅਤੇ ਤਾਮਿਲ ਭਾਸ਼ਾ ਵਿੱਚ ਤੁਹਾਨੂੰ ਕਰੀਬ ੭੦ ਪੰਨਿਆਂ ਦੀ **'ਨਵਾਂ ਜੀਵਨ ਤੁਹਾਡੇ ਲਈ'** ਨਾਮ ਦੀ ਇੱਕ ਕੋਰਸ ਦੀ ਕਿਤਾਬ ਦਿੱਤੀ ਜਾਵੇਗੀ।ਕੋਰਸ ਦੇ ਅੰਤ ਵਿੱਚ ਤੁਹਾਨੂੰ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।ਫੀਸ ਜਰੂਰੀ ਨਹੀਂ ਹੋਵੇਗੀ।ਇਹ ਕੋਰਸ ਸਿਰਫ ਭਾਰਤ ਲਈ ਉਪਲਬਧ ਹੈ

### 2. THEOLOGICAL CORRESPONDENCE COURSE

ਪਾਦਰੀਆਂ, ਪ੍ਰਚਾਰਕਾਂ ਅਤੇ ਮਸੀਹੀ ਆਗੂਆਂ ਲਈ ਵੀ **Advanced Distance Education** ਕੋਰਸ **Theological Correspondence Course** ਉਪਲਬਧ ਹੈ! ੧੦੦੦/- ਰੁਪਏ ਫੀਸ ਚਾਰਜ ਕੀਤੀ ਜਾਵੇਗੀ। ੧੪੨ ਪਾਠਾਂ ਦੀਆਂ ੭ ਕਿਤਾਬਾਂ ਭੇਜਜਣੀਆਂ ਜਾਣਗੀਆਂ । ਤੁਸੀਂ **Certificate in Ministry** ਪ੍ਰਾਪਤ ਕਰ ਸਕਦੇ ਹੋ!

ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਲਿਖੋ :

**The Chairman, Nehemiah Bible College, Echo of His Call**
10, Mohammed Abdullah 2nd Street, Opp. Cricket Stadium,
Chepauk, Chennai - 600 005, India.
**Ph.: (044) 2852 8282, 2852 9293, 2854 7766, Cell : (+91) 98410 71852, 95661 31858 E-mail : biblecor@yahoo.co.in**

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੋਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:**

**ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ (ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ ਆਦਿ ਰਾਹੀ) ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

**ECHO OF HIS CALL**
10,MOHAMMED ABDULLAH 2ND STREET, CHEPAUK,
CHENNAI – 600 005, INDIA
Ph. No.: (+91-44) 2852 8282, 2852 9293, 2854 7766
Cell : (+91)98410 71852, 95661 31858
E-Mail : sam@echoofhiscall.org / biblecor@yahoo.co.in
Websites : www.echoofhiscall.org / www.echoofhiscall.com

ਤੁਸੀਂ ਆਪਣੇ ਅਨੁਦਾਨ ਆਨਲਾਈਨ ਵੀ ਭੇਜ ਸਕਦੇ ਹੋ

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ – ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜ਼ੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ – ਮਹੀਨੇਵਾਰ ਪੱਤ੍ਰਿਕਾ : ਅੰਗਰੇਜ਼ੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜ਼ੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੁਸ ਮੈਟ੍ਰੀਕੂਲੇਸ਼ਨ ਸਕੂਲ – ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂਲ : ਸਵੇਰੇ 8.30 ਸ਼ਾਮ 4.00 ਐਤਵਾਰ
13. ਤਾਮਿਲ ਸਭਾ : ਸਵੇਰੇ 5.30 – 7.00 ਅਤੇ 10.00 ਐਤਵਾਰ
14. ਤੇਲਗੂ : ਸ਼ਾਮ 4.00 ਐਤਵਾਰ
15. ਹਿੰਦੀ ਸਭਾ : ਸ਼ਾਮ 5.00 ਐਤਵਾਰ
16. ਮਲਿਆਲਮ ਸਭਾ : ਸ਼ਾਮ 2.00 ਐਤਵਾਰ
17. ਅੰਗਰੇਜ਼ੀ ਅਤੇ ਤਾਮਿਲ : ਸ਼ਾਮ 6.00 ਐਤਵਾਰ
18. ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
19. ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
20. ਮੱਧ ਹਫਤਾ ਬਾਈਬਲ ਅਧਿਅਨ: ਸ਼ਾਮ 6.30 ਬੁੱਧਵਾਰ
21. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
22. ਕਾਮਿਆਂ ਲਈ ਪ੍ਰਾਰਥਨਾ : ਸ਼ਾਮ 6.00 ਸ਼ਨੀਵਾਰ
23. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
24. ਖਾਸ ਪ੍ਰਭੂ ਭੋਜ : ਸਵੇਰੇ 5.30 ਹਰ ਮਹੀਨੇ ਦੇ ਪਹਿਲੇ ਦਿਨ
25. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
26. ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
27. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
28. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
29. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
30. ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
31. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
32. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

RNI NO. 2000/1914
Postal Regn. No. TN/CH/(C)/192/18-20
WPP NO. TN/PMG(CCR) / WPP- 263/18-20
Date of Publication: Third week of every month
Date of Posting : 19th & 20th of every month
Posted at “Egmore RMS / 1 Patrika Channel”
on 21st SEPTEMBER 2020
If un-delivered please return to:
ECHO OF HIS CALL (PUNJABI)
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

**JESUS LOVES YOU!**

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**